# ਅੰਮ੍ਰਿਤ ਕੀਰਤਨ



# AMRIT KIRTAN

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਫਰਵਰੀ 2004

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 2 ◆ ਸਾਲ ਸੋਲਵਾਂ ◆ ਫਰਵਰੀ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਨ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਹਉਮੈਂ ਵਿਚਿ ਗਾਵਹਿ ਬਿਰਥਾ ਜਾਇ ॥**<br>*ਡਾ. ਭੁਪਿੰਦਰ ਕੌਰ* | 4 |
| **ਹਾਰਮੋਨੀਅਮ**<br>*ਸੰਤ ਸਰਵਣ ਸਿੰਘ ਜੀ* | 7 |
| **ਕੀਰਤਨ ਸਮਾਚਾਰ**<br>*ਪ੍ਰੋ. ਮੰਗਤ ਸਿੰਘ ਮਸਤਾਨਾ* | 10 |
| **ਕਸੂਰਵਾਰ ਕੌਣ ? ਕੀਰਤਨੀਏ, ਆਗੂ ਕਿ ਸੰਗਤ**<br>*ਸਤਨਾਮ ਸਿੰਘ ਕੋਮਲ* | 11 |
| **ਕੀਰਤਨ ਦੀ ਐਲਬਮ 'ਸ਼ਾਂਤੀ'**<br>*ਮਾਸਿਕ ਪੱਤ੍ਰਿਕਾ 'ਸਾਡਾ ਵਿਰਸਾ ਸਾਡਾ ਗੌਰਵ' ਚੋਂ* | 14 |
| **ਚੜ੍ਹਦੀ ਕਲਾ**<br>*ਜਗਜੀਤ ਸਿੰਘ ਜਾਬੇਵਾਲ* | 15 |
| **ਕੋਹਿਨੂਰ ਹੀਰਾ ਸਿੱਖਾਂ ਕੋਲ ਕਿਵੇਂ ਆਇਆ ?**<br>*ਡਾ. ਜਸਬੀਰ ਸਿੰਘ ਸਰਨਾ* | 17 |
| **12ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**<br>*ਗੁਰਜੰਤ ਸਿੰਘ ਰਾਹੀ* | 21 |
| **Amrit Vela Sach Nao Vadiai Vichar**<br>*Bhagwant Singh Dalawari* | 23 |
| **ਸੁਰ ਲਿਪੀਆਂ**<br>*ਗਿਆਨ ਸਿੰਘ ਐਬਟਾਬਾਦ* | 26 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 28 |



**Title Designed by Ajay Yashpaul**
# 3092, Sector 37-D, Chd. Mb: 9815481273, 2694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਜਨਵਰੀ 2004 ਅੰਕ ਦੇ ਪਹਿਲੇ ਸਫੇ ਤੇ 'Benzy an apiring singer' ਦੇ ਸਿਰਲੇਖ ਹੇਠ ਕਿਸੇ ਵਿਦੇਸ਼ੀ ਪੱਤਰ ਦੇ ਹਵਾਲੇ ਨਾਲ, ਛਾਪ ਕੇ ਆਪ ਜੀ ਨੇ ਇਕ ਸੁਚੱਜੀ ਸੰਪਾਦਕੀ ਦੀ ਜ਼ਿਮੇਵਾਰੀ ਨਿਭਾਈ ਹੈ। ਆਪ ਜੀ ਵਧਾਈ ਦੇ ਪਾਤਰ ਹੋ, ਕਿਉਂਕਿ ਜੇ ਪਾਠਕ ਕਿਸੇ ਵੀ ਮਾਨਸਿਕ ਰੋਗੀ ਦੇ ਸੰਪਰਕ ਵਿਚ ਹੋਣਗੇ ਇਸ 'ਸੰਗੀਤਕ ਇਲਾਜ' ਤੋਂ ਲਾਭ ਉਠਾ ਸਕਣਗੇ।

ਵਿਗਿਆਨਕ ਖੋਜ ਤੋਂ ਇਹ ਸਿੱਧ ਹੋ ਚੁੱਕਿਆ ਹੈ ਕਿ ਸੰਗੀਤ ਦਾ ਪ੍ਰਭਾਵ ਕੇਵਲ ਮਨੁੱਖੀ ਜੀਵਨ ਤੇ ਹੀ ਨਹੀਂ, ਬਲਕਿ ਪ੍ਰਕਿਰਤੀ ਦੇ ਬਾਕੀ ਜੀਵ-ਜੰਤੂਆਂ ਦੇ ਉਤੇ ਵੀ ਬਹੁਤ ਉਸਾਰੂ ਪੈਂਦਾ ਹੈ ਤੇ ਇਹ ਸਿੱਧ ਹੋ ਚੁੱਕਿਆ ਹੈ ਕਿ ਸੰਗੀਤ ਕਈ ਪ੍ਰਕਾਰ ਦੇ ਮਨੁੱਖੀ ਰੋਗਾਂ ਦੀ ਥਾਮ ਵਿਚ ਵੀ ਕਾਫੀ ਮੱਦਦਗਾਰ ਹੋ ਨਿਬੜਿਆ ਹੈ। ਸੰਗੀਤ ਦਾ ਸਭ ਤੋਂ ਢੁਕਵਾਂ ਤੇ ਉਸਾਰੂ ਅਸਰ ਮਾਨਸਿਕ ਸਿਹਤ ਉਤੇ ਪੈਂਦਾ ਹੈ। ਜਿਸ ਨਾਲ ਪੀੜਤ ਰੋਗੀ ਨੂੰ ਇਕ ਨਵੀਂ ਸਿਹਤਮੰਦ ਦਿਸ਼ਾ ਮਿਲਦੀ ਹੈ ਅਤੇ ਉਸ ਨੂੰ ਮਾਨਸਿਕ ਦਵਾਈਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਦਾਸ ਵੀ ਆਪਣੇ ਅਜਿਹੇ ਮਰੀਜ਼ਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਸੰਗੀਤ ਮਈ ਭਗਤੀ ਭਾਵ ਵਾਲੇ ਜੀਵਨ ਦੀ ਸਫਲਤਾ ਪੂਰਵਕ ਸਲਾਹ ਦਿੰਦਾ ਰਿਹਾ ਹੈ। 'Sound mind in a sound body' ਵੀ ਬੇਹੱਦ ਜਰੂਰੀ ਹੈ, ਇਸ ਲਈ ਦਾਸ ਆਪਣੇ ਮਰੀਜ਼ਾਂ ਦਾ ਹਮੇਸ਼ਾ (Wholistic) ਮੁਕੰਮਲ ਇਲਾਜ ਕਰਦਾ ਹੈ ਯਾਨੀ ਉਨ੍ਹਾਂ ਦੀ ਜਿਸਮਾਨੀ ਸਿਹਤ ਦਾ ਵੀ ਪੂਰਾ ਚੈਕ-ਅਪ ਕਰਕੇ ਮੁਨਾਸਬ ਦਵਾਈਆਂ ਨੁਸਖੇ ਵਜੋਂ ਲਿਖ ਦਿੰਦਾ ਹੈ।

ਬੈਨਜ਼ੀ ਦੇ ਮਾਤਾ ਪਿਤਾ (ਕਵਿਤਾ ਤੇ ਪ੍ਰਾਵੀਨ ਕੁਮਾਰੀ) ਸਾਡੀ ਪ੍ਰਸ਼ੰਸਾ ਦੇ ਯੋਗ ਹਨ, ਉਨ੍ਹਾਂ ਦੀ ਦ੍ਰਿੜਤਾ ਅਤੇ ਆਤਮ-ਵਿਸ਼ਵਾਸ਼ ਸਾਡੇ ਸਾਰਿਆਂ ਲਈ ਇਕ ਮਿਸਾਲ ਬਣ ਕੇ ਸਾਹਮਣੇ ਆਇਆ ਹੈ। ਇਹ ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਅਤੇ ਸਬਰ ਦਾ ਸਿੱਟਾ ਹੈ ਕਿ ਅੱਜ ਉਨ੍ਹਾਂ ਦੀ ਬੱਚੀ, ਇਸ ਛੋਟੀ ਜਿਹੀ 9 ਸਾਲਾਂ ਦੀ ਉਮਰ ਵਿਚ ਕਈ ਰਾਗ ਇਕੋ ਸਮੇਂ ਅਲਾਪ ਲੈਂਦੀ ਹੈ ਅਤੇ ਨਾਲ ਨਾਲ ਆਪਣੀ ਪੜ੍ਹਾਈ ਵੀ ਕਰ ਰਹੀ ਹੈ। ਦਾਸ ਨੂੰ ਪੂਰਾ ਯਕੀਨ ਹੈ ਕਿ ਇਕ ਦਿਨ ਇਸ ਬੈਨਜ਼ੀ ਕੁਮਾਰ ਦਾ ਨਾਮ, ਸਭ ਤੋਂ ਛੋਟੀ ਉਮਰ ਵਾਲੀ ਗਾਇਕਾ ਦੇ ਨਾਮ ਵਜੋਂ ਸ਼ਾਸਤ੍ਰੀਯ ਸੰਗੀਤ ਦੇ ਮਹਾਨ ਸਾਗਰ ਵਿਚੋਂ ਇਕ ਅਨਮੋਲ ਮੋਤੀ ਬਣ ਕੇ ਉਭਰੇਗਾ।

ਕਵਿਤਾ ਪ੍ਰਾਵੀਨ ਦੀ ਇਸ ਅਦਭੁਤ ਕਾਮਿਯਾਬੀ ਨੂੰ ਇਸ ਮਹਾਨ ਗੁਰ-ਵਾਕ, ਬੀਰ-ਰਸ ਵਿਚ ਸ਼ੁਸ਼ੋਭਤ ਇਹ ਸਵੈਯਾ ਵਰਨਣਯੋਗ ਹੈ:

***ਦੇਹ ਸਿਵਾ ਬਰ ਮੋਹਿ ਇਹੈ,***
***ਸੁਭ ਕਰਮਨ ਤੇ ਕਬਹੂੰ ਨ ਟਰੋਂ॥***
***ਨ ਡਰੋਂ ਅਰਿ ਸੋ ਜਬ ਜਾਇ ਲਰੋਂ,***
***ਨਿਸਚੈ ਕਰ ਆਪਨੀ ਜੀਤ ਕਰੋਂ॥***

*- ਡਾ. ਤੇਜਪਾਲ ਸਿੰਘ ਚਾਵਲਾ*
*1363, ਸੈਕਟਰ 40-ਬੀ, ਚੰਡੀਗੜ੍ਹ*

♦ ਦਸੰਬਰ ਦਾ 'ਅੰਮ੍ਰਿਤ ਕੀਰਤਨ' ਪੜ੍ਹਕੇ ਮਨ ਅਨੰਦਿਤ ਹੋਇਆ। ਪ੍ਰੋ. ਲਛਮਣ ਸਿੰਘ ਸੀਨ ਦਾ ਲੇਖ 'ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ' ਖੋਜੀ ਲਿਖਤ ਹੈ। 'ਮਨ ਤੂੰ ਮਤ ਮਾਣੁ ਕਰਹਿ' ਰਾਹੀਂ ਭਗਵੰਤ ਸਿੰਘ ਦਲਾਵਰੀ ਦੀ ਅਰਜੋਈ ਪਾਠਕਾਂ ਦੇ ਦਿਲਾਂ ਵਿਚ ਤੜਫ ਅਤੇ ਪ੍ਰਮਾਤਮਾ ਦੇ ਦਿਲ ਵਿਚ ਦਿਆ ਪੈਦਾ ਕਰਾਂਦੀ ਮਹਿਸੂਸ ਹੁੰਦੀ ਹੈ। ਸੱਚਮੁੱਚ ਹੀ ਪ੍ਰਮਾਤਮਾ ਵਲੋਂ ਆਪਣੇ ਸੇਵਕ ਨੂੰ ਦਿੱਤੇ ਕਸ਼ਟ 'ਦੁਖ ਦਾਰੂ ਸੁਖ ਰੋਗ ਭਇਆ' ਇਕ ਨਾਮ ਦੀ ਹੀ ਦਾਤ ਹਨ। ਇਨ੍ਹਾਂ ਨਿੱਕੇ-ਨਿੱਕੇ ਦੁੱਖਾਂ ਦੁਆਰਾ ਪ੍ਰੇਮੀ, ਸੁੱਖਾਂ ਦੇ ਸਾਗਰ ਆਪਣੇ ਪ੍ਰੀਤਮ ਨੂੰ ਪ੍ਰਾਪਤ ਹੋ ਜਾਂਦਾ ਹੈ।

ਭਾਈ ਕਰਮ ਸਿੰਘ ਰਤਨ ਦਾ ਲੇਖ 'ਬਾਣੀ ਗੁਰੂ, ਗੁਰੂ ਹੈ ਬਾਣੀ' ਦੇ ਉਪਦੇਸ਼ ਨੂੰ ਦ੍ਰਿੜ ਕਰਾਵਾਉਂਦਾ ਹੋਇਆ ਪਾਠਕਾਂ ਨੂੰ ਸ਼ਬਦ ਗੁਰੂ ਦੀ ਮਹੱਤਤਾ ਦੱਸਦਾ ਹੈ ਅਤੇ ਪਾਖੰਡੀ ਗੁਰੂਆਂ ਤੋਂ ਬਚਣ ਦੀ ਪ੍ਰੇਰਨਾ ਵੀ ਦਿੰਦਾ ਹੈ।

ਸੰਗਤ ਦੀ ਵਿਆਖਿਆ ਆਪ ਜੀ ਨੇ ਬਹੁਤ ਸੁਹਣੇ ਤਰੀਕੇ ਨਾਲ ਕਰਕੇ ਸਾਨੂੰ ਸਤਿ ਸੰਗਤ ਕਰਨ ਦੀ ਮਹਿਮਾ ਦੱਸੀ ਹੈ। ਵਾਹਿਗੁਰੂ ਸਾਰੇ ਕਲਮਕਾਰਾਂ ਨੂੰ ਤੰਦਰੁਸਤੀ ਬਖ਼ਸ਼ਦੇ ਹੋਏ ਸਿੱਖ ਪੰਥੀ ਧਰਮ ਦੀ ਬਹੁਤੀ ਸੇਵਾ ਦੀ ਬਖ਼ਸ਼ਿਸ਼ ਕਰਨ।

*- ਡਾ. ਸ਼ਾਮ ਸਿੰਘ ਬੇਲਾ*
*ਕੁੰਡਲਸ ਕਲੀਨਿਕ, ਮੇਨ ਬਜ਼ਾਰ, ਬੇਲਾ (ਰੋਪੜ)*

## ਕਰਉ ਬੇਨੰਤੀਆ

# ਸਾਰਥਕ ਮਿਊਜ਼ਕ ਵਰਲਡ

ਜ਼ਿੰਦਗੀ ਵਿਚ ਗੁਣ ਅਤੇ ਮਾਤਰਾ ਦੋਹਾਂ ਦੀ ਮਹੱਤਤਾ ਹੈ। ਪਰ ਇਹ ਇਕ ਵਚਿੱਤਰ ਵਰਤਾਰਾ ਹੈ ਕਿ ਗੁਣ ਵਾਲੀਆਂ ਵਸਤਾਂ ਅਤੇ ਕਾਰਜਾਂ ਦੀ ਗਿਣਤੀ ਘੱਟ ਹੁੰਦੀ ਹੈ। ਇਸ ਕਰਕੇ ਜਦੋਂ ਕਿਧਰੇ ਗੁਣ ਵਾਲੀ ਵਸਤੂ ਜਾਂ ਕਾਰਜ ਧਿਆਨ ਵਿਚ ਆਉਂਦਾ ਹੈ ਤਾਂ ਲੋਕ ਉਸ ਦੀ ਸ਼ਲਾਘਾ ਕਰਦੇ ਹਨ।

'ਸਾਰਥਕ ਮਿਊਜ਼ਕ ਵਰਲਡ' ਨਾਮਕ ਸੰਸਥਾ ਦੇ ਸੰਚਾਲਕ ਸ੍ਰ. ਭੁਪਿੰਦਰ ਸਿੰਘ ਸਹੀ ਅਰਥਾਂ ਵਿਚ ਸਾਰਥਕ ਜਤਨ ਕਰ ਰਹੇ ਹਨ। ਪਿੱਛੇ ਜਿਹੇ ਉਨ੍ਹਾਂ ਵਲੋਂ ਜਾਰੀ ਕੀਤੀ ਇਕ ਕੈਸਟ ਸੁਣਨ ਨੂੰ ਮਿਲੀ। ਇਸ ਕੈਸਟ ਵਿਚ ਗੁਰੂ ਗੋਬਿੰਦ ਸਿੰਘ ਦੀ ਬਾਣੀ ਦੇ ਚਾਰ ਸ਼ਬਦਾਂ ਦਾ ਗਾਇਨ ਕੀਤਾ ਹੋਇਆ ਹੈ।

- ਹਮਰੀ ਕਰੋ ਹਾਥ ਦੇ ਰੱਛਾ
- ਹਮ ਇਹ ਕਾਜ ਜਗਤ ਮੋ ਆਏ
- ਏਕ ਹੀ ਸਰੂਪ
- ਮਿਤਰ ਪਿਆਰੇ ਨੂੰ

ਇਨ੍ਹਾਂ ਸ਼ਬਦਾਂ ਨੂੰ ਗਾਉਣ ਵਾਲੇ ਗਾਇਕ ਹਨ, ਪੰਡਿਤ ਅਜੈ ਚਕਰਵਰਤੀ। ਅਜੈ ਚਕਰਵਰਤੀ ਬੜੇ ਸੁਰੀਲੇ ਅਤੇ ਬੁਲੰਦ ਅਵਾਜ਼ ਵਾਲੇ ਗਾਇਕ ਹਨ। ਉਹ ਪਹਿਲੇ ਗਾਇਕ ਹਨ ਜਿਹਨਾਂ ਨੂੰ 45 ਸਾਲ ਦੀ ਉਮਰ ਤੋਂ ਵੀ ਪਹਿਲਾਂ 'ਕੁਮਾਰ ਗੰਧਰਵ ਅਵਾਰਡ' ਮਿਲਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਸ਼ਬਦਾਂ ਦਾ ਗਾਇਨ ਉਨ੍ਹਾਂ ਨੇ ਪੂਰਨ ਸ਼ਰਧਾ ਨਾਲ ਕੀਤਾ ਹੈ। ਅਹੀਰ ਭੈਰਵ, ਮੀਆਂ ਕੀ ਟੋਡੀ, ਬੈਰਾਗੀ ਅਤੇ ਮਾਂਡ ਰਾਗਾਂ ਵਿਚ ਜਿੱਥੇ ਉਨ੍ਹਾਂ ਨੇ ਸ਼ਬਦਾਂ ਦਾ ਭਾਵ ਪੂਰਨ ਢੰਗ ਨਾਲ ਗਾਇਨ ਕੀਤਾ ਹੈ ਉਥੇ ਇਨ੍ਹਾਂ ਰਾਗਾਂ ਦੇ ਸਰੂਪ ਨੂੰ ਵੀ ਭਲੀ ਭਾਂਤ ਨਿਖਾਰਿਆ ਹੈ।

ਉਨ੍ਹਾਂ ਦੇ ਹਿਰਦੇ ਦੀਆਂ ਗਹਿਰਾਈਆਂ ਤੋਂ ਆਉਂਦੀ ਆਵਾਜ਼ ਅਤੇ ਢੁਕਵਾਂ ਸੰਗੀਤ ਸਰੋਤਿਆਂ ਦੇ ਹਿਰਦੇ ਨੂੰ ਪੰਘਰਾਉਣ ਦੀ ਸਮਰੱਥਾ ਰੱਖਦਾ ਹੈ।

ਇਹ ਕੈਸਟ ਸੁਣ ਕੇ ਲਗਦਾ ਹੈ ਕਿ ਕੀਰਤਨ ਤਾਂ ਇਸੇ ਤਰ੍ਹਾਂ ਠਹਿਰਾਓ ਅਤੇ ਗੰਭੀਰਤਾ ਨਾਲ ਹੀ ਹੋਣਾ ਚਾਹੀਦਾ ਹੈ।

ਕੁਝ ਅਜੋਕੇ ਕੀਰਤਨੀਆਂ ਵਲੋਂ ਕਹਿਰਵਾ ਤਾਲ ਦੀ ਦੜੁੱਕੀ ਚਾਲ ਨਾਲ ਹਰਮੋਨੀਅਮ ਦੀਆਂ ਕਿਲਕਾਰੀਆਂ ਉਤੇ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਨਾਲ ਜਿਹੜਾ ਖਿਲਵਾੜ ਕੀਤਾ ਜਾਂਦਾ ਹੈ ਉਸ ਬਾਰੇ ਤਾਂ ਨਮੋਸ਼ੀ ਹੀ ਪਰਗਟ ਕਰ ਸਕਦੇ ਹਨ।

ਭਾਵੇਂ ਅਜੈ ਚਕਰਵਰਤੀ ਦੇ ਬੰਗਾਲੀ ਹੋਣ ਕਾਰਨ ਉਨ੍ਹਾਂ ਦੇ ਉਚਾਰਨ ਵਿਚ ਥੋੜੀ ਅਸ਼ੁਧਤਾ ਹੈ। ਪਰ ਸੁਰ ਅਤੇ ਸ਼ਰਧਾ ਦਾ ਜਾਦੂ ਤਾਂ ਕੀਲ ਲੈਂਦਾ ਹੈ। ਸਾਡੀ ਕਾਮਨਾ ਹੈ ਕਿ ਸਾਰਥਕ ਮਿਊਜ਼ਕ ਵਰਲਡ ਵਾਲੇ ਅਜਿਹੇ ਜਤਨ ਕਰਦੇ ਰਹਿਣ ਅਤੇ ਹੋਰਨਾਂ ਨੂੰ ਪ੍ਰੇਰਨਾ ਦਿੰਦੇ ਰਹਿਣ।

ਗੁਰਬਾਣੀ ਕੀਰਤਨ ਦੀ ਸਫਲਤਾ ਦੇ ਪ੍ਰਸੰਗ ਵਿਚ

# ਹਉਮੈਂ ਵਿਚਿ ਗਾਵਹਿ ਬਿਰਥਾ ਜਾਇ ॥

ਡਾ. ਭੁਪਿੰਦਰ ਕੌਰ : 111, ਮਾਊਂਟ ਐਵੀਨਿਊ, ਨਿਊ ਕਲੋਨੀ, ਫਗਵਾੜਾ ਰੋਡ, ਹੁਸ਼ਿਆਰਪੁਰ

ਜਦੋਂ ਗੁਰਬਾਣੀ ਗਾਇਣ 'ਚੋਂ ਅਨੰਦ ਦਾ ਸੰਚਾਰ ਨਾ ਹੋ ਸਕੇ ਤਾਂ ਉਸ ਨੂੰ ਬਿਰਥਾ ਜਾਣਾ ਆਖ ਦਿੰਦੇ ਹਾਂ। ਬਹੁਤਿਆਂ ਕੋਲ ਸਾਜ਼ ਵੀ ਹੈ, ਆਵਾਜ਼ ਵੀ ਹੈ, ਰਾਗ ਵੀ ਹੈ, ਸ਼ਬਦ ਵੀ ਹੈ ਪਰ ਅਨੰਦ ਨਹੀਂ? ਕਾਰਨ, ਕੀਰਤਨ ਨੂੰ ਸੰਗੀਤ ਤਾਈਂ ਸੀਮਤ ਕਰਕੇ ਮਹਾਨ ਸੰਗੀਤਕਾਰ ਬਣਨ ਦੀ ਦੌੜ ਵਿਚ ਹਨ। ਬਹੁਤੇ ਪ੍ਰਸਿੱਧ ਰਾਗੀ ਜੱਥੇ ਬਣ, ਮਹਾਨ ਕੀਰਤਨ ਦਰਬਾਰਾਂ ਵਿਚ ਸ਼ਮੂਲੀਅਤ ਕਰਕੇ ਮਨ ਨੂੰ ਪ੍ਰਸੰਨ ਕਰ ਲੈਂਦੇ ਹਨ। ਕਈ ਵਿਦੇਸ਼ਾਂ ਵਿਚੋਂ ਬੁਲਾਵੇ ਲੈ ਕੇ ਹੀ ਮਨ ਦੇ ਅਨੰਦ ਦਾ ਭਰਮ ਪਾਲਦੇ ਹਨ। ਬਾਣੀ ਉਹਨਾਂ ਦੇ ਸਾਜ਼ਾਂ ਤੇ ਆਵਾਜ਼ਾਂ ਨੂੰ ਛੂੰਹਦੀ ਜ਼ਰੂਰ ਹੈ, ਪਰ ਸ਼ਬਦ ਦਾ ਸੁਰਤਿ ਨਾਲ ਮੇਲ ਨਾ ਹੋਣ ਕਾਰਨ ਗਾਵਣਾ ਬਿਰਥਾ ਜਾਂਦਾ ਹੈ। ਬਾਣੀ ਦਾ ਫੁਰਮਾਨ ਹੈ:-

*ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ।*
*ਹਉਮੈ ਵਿਚਿ ਗਾਵਹਿ ਬਿਰਥਾ ਜਾਇ॥*

ਗੁਰਬਾਣੀ ਵਿਚ ਦਰਸਾਏ ਕੀਰਤਨ ਪ੍ਰਬੰਧ ਦੇ ਅਨੁਸਾਰੀ ਹੋ ਕੇ ਹੀ ਅਨੰਦ ਸੰਚਾਰ ਦੇ ਕੀਮਤੀ ਲਾਹੇ ਦੀ ਪ੍ਰਾਪਤੀ ਸੰਭਵ ਹੈ। ਗੁਰਬਾਣੀ ਦੇ ਚਿਹਨ ਪ੍ਰਬੰਧ ਵਿਚ ਬਾਣੀ ਦੇ ਗਾ ਕੇ ਉਚਾਰਣ ਲਈ 'ਕੀਰਤਨ' ਚਿਹਨ ਦਾ ਨਿਰਧਾਰਣ ਹੈ 'ਭਲੋ ਭਲੋ ਰੇ ਕੀਰਤਨੀਆ' ਹੈ। ਤੇ 'ਕਲਜੁਗ ਮਹਿ ਕੀਰਤਨੁ ਪਰਧਾਨਾ' ਦੇ ਬਾਣੀ ਫੁਰਮਾਨ ਕੀਰਤਨ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਇਸ ਲਈ ਹਰਿ-ਜਸ, ਹਰਿ-ਗੁਣ ਗਾਵਣਾ, ਬੰਦਗੀ ਅਤੇ ਭਜਨ ਆਦਿ ਚਿਹਨਕਾਂ ਦੀ ਵਰਤੋਂ ਵੀ ਮਿਲਦੀ ਹੈ। ਗੁਰਮਤਿ ਵਿਚੋਂ ਭਗਤੀ ਤੇ ਸਾਧਨਾ ਦੀਆਂ ਸਮੂਹ ਕਿਰਿਆਵਾਂ 'ਚੋਂ ਕੀਰਤਨ ਨੂੰ ਪ੍ਰਧਾਨਤਾ ਪ੍ਰਾਪਤ ਹੈ। ਪ੍ਰਿੰ. ਸਤਿਬੀਰ ਸਿੰਘ ਪੁਸਤਕ 'ਕਥਾ ਪੁਰਾਤਨ ਇਉਂ ਸੁਣੀ' ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਕ ਸਾਖੀ ਦਾ ਜ਼ਿਕਰ ਕਰਦੇ ਹਨ, ਜਿਸ ਅਨੁਸਾਰ ਗੁਰੂ ਜੀ ਦੁਆਰਾ ਸਤਿਸੰਗਤ ਵਿਚ ਸੁਖਮਨੀ ਸਾਹਿਬ ਦੇ ਪਾਠ ਉਚਾਰਣ ਨਾਲੋਂ ਕੀਰਤਨ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿਚ ਦਰਜ ਹੈ। ਗੁਰਬਾਣੀ ਦੇ ਸਹਿਜ ਪਾਠ ਇਹ ਸਪਸ਼ਟ ਕਰਦੇ ਹਨ ਕਿ ਹਰ ਰਚਨਾ ਉਪਰ ਰਾਗ ਦਾ ਨਾਂ ਲਿਖਿਤ ਹੈ। ਬਾਣੀ ਦੀ ਅੰਦਰੂਨੀ ਬਣਤਰ ਅਤੇ ਕਾਵਿ ਅਨੁਭਵ ਦੇ ਵਿਸ਼ਲੇਸ਼ਣ ਤੋਂ ਸਹਿਜੇ ਹੀ ਪ੍ਰਤੀਤ ਹੁੰਦਾ ਹੈ ਕਿ ਰਾਗ, ਬਾਣੀ ਦਾ ਰਚਨਾ ਮੂਲਕ ਤੱਤ ਹੈ। ਗੁਰਬਾਣੀ ਵਿਚ ਅਧਿਆਤਮਕ ਅਨੁਭਵ ਅਤੇ ਅਵਸਥਾ ਨੂੰ 'ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ' ਸਮਾਂਨਤਰ ਦੱਸਿਆ ਹੈ ਪਰ ਬਾਣੀਕਾਰ ਇਸ ਅਵਸਥਾ ਵਿਚ ਵਿਚਰਨ ਵਾਲੇ ਇਨਸਾਨ ਨੂੰ ਬੋਲਾਂ ਦੀ ਬਖਸ਼ਿਸ਼ ਕਰਦੇ ਹਨ। ਇਹਨਾਂ ਬੋਲਾਂ ਦਾ ਸੁਰਮਈ ਅਵਾਜ਼ ਨਾਲ ਗਾਉਣਾ ਹੀ ਰਾਗ ਹੈ ਤੇ ਇਹ ਰਾਗਮਈ ਬੋਲ ਇਨਸਾਨੀ ਮਿਜ਼ਾਜ ਨੂੰ ਸੋਧਣ ਤੇ ਸੋਧਣ ਹਿੱਤ ਸੰਚਰਿਤ ਹਨ। ਰਾਗਬੱਧ ਬਾਣੀ, ਕਾਲ ਤੇ ਸਥਾਨ ਦੀ ਸੀਮਾਬੱਧਤਾ ਨੂੰ ਪਾਰ ਕਰਕੇ, ਕੁਲ ਬ੍ਰਹਿਮੰਡ ਦੇ ਪ੍ਰਾਣੀਆਂ ਤੱਕ ਸੰਚਾਰਸ਼ੀਲ ਹੈ। ਰਾਗ ਸੰਗੀਤ ਦੀ ਅਜਿਹੀ ਸ਼ਕਤੀ ਹੈ ਜੋ ਮਨੁੱਖੀ ਮਨ ਨੂੰ ਆਪਣੇ ਵਿਸ਼ੇਸ਼ ਰੰਗ ਵਿਚ ਰੰਗ ਦਿੰਦੀ ਹੈ। ਰਾਗ ਦਾ ਮੂਲ ਗੁਣ ਇਸ ਦੀ ਰੰਜਕਤਾ ਹੈ। ਇਸੇ ਲਈ ਇਸਨੂੰ ਜਨ-ਚਿਤ-ਰੰਜਕ-ਧੁਨੀ ਆਖਿਆ ਹੈ। ਇਥੇ ਰੰਜਕਤਾ ਦਾ ਭਾਵ ਹੈ-'ਰੰਗ ਦੇਣਾ' ਹੈ ਤੇ ਰੰਗੀਜਿਆ ਮਨ ਸੁਖ ਦੁਖ ਦੇ ਮਾਇਆ ਜਾਲ ਤੋਂ ਮੁਕਤ ਹੋ ਕੇ ਪਰਮ ਅਨੰਦ ਦੀ ਦਸ਼ਾ ਦਾ ਸੁਆਦ ਮਾਣਨਯੋਗ ਬਣ ਜਾਂਦਾ ਹੈ।

ਹਰ ਇਕ ਰਾਗ ਦਾ ਆਪਣਾ ਸੁਭਾਅ ਹੈ, ਸਰੂਪ ਹੈ। ਹਰ ਰਾਗ ਵਿਚ ਵਿਭਿੰਨ ਰਸ ਨੂੰ ਸੰਚਰਿਤ ਕਰਨ ਦੀ ਸ਼ਕਤੀ ਹੈ, ਵਿਭਿੰਨ ਅਨੁਭਵ ਦੇ ਪ੍ਰਗਟਾਵੇਂ ਲਈ ਜੁਗਤੀ ਹੈ। ਉਦਾਹਰਣ ਲਈ ਕਬੀਰ ਜੀ ਹਰਿ ਨੂੰ ਵੱਖ ਵੱਖ ਸਥਿਤੀਆਂ ਵਿਚ ਅਨੁਭਵ ਕਰਦੇ ਹਨ। ਕਿੱਧਰੇ ਦਾਰਸ਼ਨਿਕ ਬਣ ਪ੍ਰਮਾਤਮਾ ਦੀ ਅਗੰਮਤਾ ਤੇ ਅਗੋਚਰਤਾ ਨੂੰ ਅਨੁਭਵ ਕਰਦੇ ਹਨ। ਕਿਧਰੇ ਪ੍ਰੀਤਮ-ਪ੍ਰੇਮਿਕਾ, ਪਤੀ-ਪਤਨੀ, ਇਸ਼ਟ-ਭਗਤ, ਪਿਤਾ-ਪੁੱਤਰ, ਕੁਦਰਤ-ਰਹੱਸਵਾਦੀ ਆਦਿ ਵਿਭਿੰਨ ਅਨੁਭਵਾਂ ਦੇ ਰੂਪਾਂ ਵਿਚ ਭਾਵ ਦੀ ਅਭਿਵਿਅਕਤੀ ਕਰਦੇ ਹਨ। ਇਸ ਅਭਿਵਿਅਕਤੀ ਦੀ ਤੀਬਰਤਾ ਵਿਚ ਉਹ ਗਾ ਉਠਦੇ ਹਨ। ਕਾਵਿ-ਅਨੁਭਵ ਦੀ ਵਿਲੱਖਣਤਾ ਵੀ ਰਾਗਾਂ ਦੀ ਵਿਭਿੰਨਤਾ ਦਾ ਇਕ ਸਬੱਬ ਜਾਪਦੀ ਹੈ।

ਹਰ ਪਦ ਤੇ ਬਾਣੀ ਦਾ ਆਪਣਾ ਸਰੂਪ ਵੀ ਗਾਇਨ ਪ੍ਰਕਿਰਿਆ ਨੂੰ ਨਿਸ਼ਚਿਤ ਕਰਦਾ ਹੈ। ਲਗਭਗ ਹਰ ਸ਼ਬਦ ਵਿਚ ਇਕ ਰਹਾਉ ਦੀ ਤੁਕ ਦਿੱਤੀ ਗਈ ਹੈ। ਰਹਾਉ ਦਾ ਅਰਥ ਹੈ: ਸਥਾਈ ਟੇਕ ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਹਰ ਅੰਤਰੇ ਤੋਂ ਬਾਅਦ ਗਾਇਆ ਜਾਵੇ। ਜੇਕਰ ਰਹਾਉ ਦੀ ਤੁਕ ਦੀ ਥਾਂ ਕਿਸੇ ਹੋਰ ਤੁਕ ਨੂੰ ਸਥਾਈ ਬਣਾਇਆ ਜਾਵੇ ਤਾਂ ਸ਼ਬਦ ਦੇ ਪੂਰੇ ਭਾਵ-ਮੰਡਲ ਦੇ ਬਦਲ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਗੁਰਬਾਣੀ ਵਿਚਲੀ ਰਾਗਬੱਧ ਬਾਣੀ ਵਿਚਲੇ ਅਨੰਦ ਦੇ ਸੰਚਾਰ ਦੀ ਸੰਭਾਵਨਾ ਬਣਾਉਂਦੀ ਹੈ ਤਾਂ ਫਿਰ ਅਨੇਕ ਕੀਰਤਨ ਦਰਬਾਰਾਂ ਦੇ ਆਯੋਜਨ ਦੇ ਬਾਵਜੂਦ ਵੀ ਆਲੇ ਦੁਆਲੇ ਅਨੰਦਿਤ ਮਾਹੌਲ ਕਿਉਂ ਨਹੀਂ? ਇਸ ਦਾ ਉੱਤਰ ਵੀ ਬਾਣੀ ਵਿਚੋਂ ਲੱਭ ਜਾਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :-

*ਰਾਗ ਨਾਦ ਸਬਦਿ ਸੋਹਣੇ,*
*ਜਾ ਲਾਗੈ ਸਹਜਿ ਧਿਆਨੁ ॥*

ਨਿਰਧਾਰਿਤ ਰਾਗ ਅਤੇ ਸੁੱਚੀ ਭਾਵਨਾ ਨਾਲ ਗਾਇਆ ਸੁਣਿਆ ਵਧੇਰੇ ਸਫਲ ਹੈ। ਸੁੱਚੀ ਭਾਵਨਾ ਤੋਂ ਭਾਵ ਹੈ ਕਿ ਮਨ ਤੇ ਚਿਤ ਦੀ ਸ਼ੁੱਧੀ ਲਈ ਸੰਚਾਰ ਹੋਵੇ। ਧਨ ਦੀ ਕਮਾਈ, ਹਉਮੈਂ ਦੀ ਕਾਈ ਤੇ ਤਨ ਦੇ ਸੁਹਜ-ਸਵਾਦ ਤੋਂ ਉਪਰ ਉੱਠਣ ਲਈ ਹਰਿਨਾਮ ਨਾਲ ਸੁਰਤ ਜੋੜ ਗਾਵਣਾ ਹੈ।

*ਸਭਨਾ ਰਾਗਾਂ ਵਿਚ*
*ਸੋ ਭਲਾ ਭਾਈ*
*ਜਿਤੁ ਵਸਿਆ ਮਨਿ ਆਇ ॥*

ਸਪੱਸ਼ਟ ਹੈ ਕਿ ਰਾਗ ਨਾਦ ਤਦ ਹੀ ਸ਼ੋਭਨੀਕ, ਸੁਹਾਵਣੇ ਤੇ ਸੰਚਾਰਸ਼ੀਲ ਹਨ ਜੇ ਮਨ ਦੀ ਇਮਾਨਦਾਰ ਸ਼ਮੂਲੀਅਤ ਹੈ। ਭਗਤ ਕਬੀਰ ਪ੍ਰਾਣੀ ਨੂੰ ਚਿਤ ਲਾ ਗਾਉਣ-ਸੁਣਨ ਦੀ ਪ੍ਰੇਰਨਾ ਦਿੰਦੇ ਹਨ ਕਿਉਂਕਿ ਇਥੇ ਸੰਗੀਤ ਦਾ ਉਚੇਰਾ ਸੰਬਾਦ ਅਤੇ ਬੌਧਿਕ-ਆਤਮਕ ਵਿਚਾਰ ਕਰਦੇ ਹੋਏ ਕਬੀਰ ਜੀ ਆਖਦੇ ਹਨ:-

*ਲੋਗੁ ਜਾਨੈ ਇਹੁ ਗੀਤੁ ਹੈ ਇਹ ਤਉ ਬ੍ਰਹਮ ਬੀਚਾਰ ॥*
*ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥3 ॥*
*ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥*
*ਕਹੁ ਕਬੀਰ ਸੰਸਾ ਨਹੀ ਅੰਤਿ ਪਰਮਗਤਿ ਪਾਇ ॥*
(ਪੰਨਾ 335)

ਗਾਉਣ ਸੁਨਣ ਦੀ ਵਿਧੀ ਨੇ ਗੀਤ ਤੇ ਬ੍ਰਹਮ ਬੀਚਾਰ ਦੇ ਅੰਤਰ ਦਾ ਆਧਾਰ ਬਨਣਾ ਹੈ। ਮਨੁੱਖ ਤਨ ਮਨ ਤੇ ਬੁੱਧੀ ਵਿਚ ਸੁਰ ਤੇ ਤਾਲਮੇਲ ਦੀ ਘਾਟ ਵੀ ਚਿਤ ਲਾ ਗਾਵਿਆਂ ਸੁਣਿਆਂ ਪੂਰੀ ਹੋਣੀ ਹੈ। ਇਸ ਤਰ੍ਹਾਂ ਸੁਰਤਾਲ ਹੀਣ ਸਮਾਜ ਨੂੰ ਰੂਹਾਨੀ ਲਹਿਰ ਵਿਚ ਸ਼ਾਮਲ ਕਰਨ ਦੇ ਲਈ ਰਾਗ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਹਰਿ ਕੀਰਤਨ ਸੰਬੰਧੀ ਇਕ ਲੇਖ ਵਿਚ ਲਿਖਦੇ ਹਨ।

"ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧੀ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ-ਕਲਾ ਦੁਆਰਾ ਅਵੱਸ਼ ਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤੱਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ।"

ਹੁਣ ਪੜ੍ਹੀ ਹੋਈ ਜਾਂ ਪਾਠ ਰਾਹੀਂ ਗਾਈ ਸੁਣੀ ਬਾਣੀ ਤੇ ਰਾਗਬੱਧ ਗਾਈ ਸੁਣੀ ਬਾਣੀ ਦੇ ਅੰਤਰ ਨੂੰ ਵੀ ਸਮਝਣ ਦੀ ਲੋੜ ਹੈ। ਦੋਹਾਂ ਹਾਲਤਾਂ ਵਿਚ ਸ੍ਵਣ ਵਿਸਥਾਰ ਦੀ ਵਿਭਿੰਨਤਾ ਹੈ। ਪਹਿਲੇ ਸਾਧਨ ਰਾਹੀਂ ਬਾਣੀ ਦਾ ਸੰਚਾਰ ਬੁੱਧੀ ਤੇ ਦਿਮਾਗ ਤੀਕ ਸੀਮਿਤ ਰਹੇਗਾ ਜਦਕਿ ਦੂਜੇ ਸਾਧਨ ਰਾਹੀਂ ਹੋਏ ਸੰਚਾਰ ਨਾਲ ਕੰਨ, ਮਨ ਤੇ ਆਤਮਾ ਸਾਧੇ ਜਾਣਗੇ। ਰਾਗਬੱਧ ਬਾਣੀ ਮਾਇਆ ਦੀ ਮੈਲ ਧੋ ਆਤਮਾ ਦੀ ਤੇ ਚਿਤ ਸ਼ੁਧੀ ਦਾ ਅਵਸਰ ਪ੍ਰਦਾਨ ਕਰਦੀ ਹੈ। ਗੁਰ ਕਿਰਪਾ ਤੇ ਵੱਡੇ ਭਾਗ ਨਾਲ ਇਹ ਮੌਕਾ-ਮੇਲ ਬਨਦਾ ਹੈ। ਗੁਰਬਾਣੀ ਵਿਚਲੀ ਵੱਥ ਜਦੋਂ ਰਾਗਬੱਧ ਹੋ ਰਸਨਾ ਤੇ ਕੰਨਾਂ ਨੂੰ ਛੂੰਹਦੀ ਹੈ ਤਾਂ ਮਨ ਸਹਿਜ ਦੀ ਅਵਸਥਾ ਪ੍ਰਾਪਤ ਕਰਦਾ ਹੈ ਪਰ ਤਾਂ ਹੀ ਜੇ ਰਾਗ ਦੇ ਪ੍ਰਯੋਗ ਵਿਚ ਸੰਤੁਲਨ ਤੇ ਸਹਿਜ ਹੋਵੇ। ਗੁਰਬਾਣੀ ਦੇ ਫੁਰਮਾਨ ਹਨ :-

*ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ*
*ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥* (ਪੰਨਾ 158)
*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੈ ॥*
(ਆਸਾ ਮ. 4, ਪੰਨਾ 450)

ਇਸ ਪਰਥਾਇ ਕਬੀਰ ਜੀ ਦਾ ਫੁਰਮਾਨ ਹੈ :-

*ਭਗਤ ਨਾਰਦੀ ਰਿਦੈ ਨ ਆਈ*
*ਕਾਛਿ ਕੂਛਿ ਤਨੁ ਦੀਨਾ ॥*
*ਰਾਗ ਰਾਗਨੀ ਡਿੰਭ ਹੋਇ ਬੈਠਾ*
*ਉਨਿ ਹਰਿ ਪਹਿ ਕਿਆ ਲੀਨਾ ॥* (ਪੰਨਾ 654)

ਭਾਵ- ਭਾਵੇਂ ਸਰੀਰ ਨੂੰ ਭਗਤੀ ਲਈ ਸ਼ਿੰਗਾਰ ਲਿਆ ਹੈ ਪਰ ਜੇ ਪ੍ਰੇਮਾ ਭਗਤੀ ਹਿਰਦੇ ਵਿਚ ਪੈਦਾ ਨਹੀਂ ਹੋਈ

ਤਾਂ ਰਾਗ ਰਾਗਣੀਆਂ ਗਾਉਣਾ ਨਿਰਾ ਪਾਖੰਡ ਹੀ ਹੈ। ਅਜਿਹੇ ਦੰਭੀ ਨੂੰ ਪਰਮਾਤਮਾ ਪਾਸੋਂ ਕੁਝ ਨਹੀਂ ਮਿਲਦਾ।

ਬਾਣੀ ਦਾ ਸੰਗੀਤਕ ਉਚਾਰ ਤੇ ਸੰਚਾਰ ਸੰਗ ਨੂੰ ਸਹਿਜੇ ਹੀ ਸਾਧ ਸੰਗ ਵਿਚ ਤਬਦੀਲ ਕਰਨ ਦੇ ਸਮਰੱਥ ਹੈ। ਕੁਸੰਗੀ, ਪਾਪੀ ਤੇ ਭਰਮੀ ਵੀ 'ਸਾਧ-ਸੰਗ ਤਰ ਜਾਹਿਗਾ' ਦਾ ਵਰਦਾਨ ਪ੍ਰਾਪਤ ਕਰ ਲੈਂਦੇ ਹਨ। ਜੇ ਸਾਧ-ਸੰਗਤ ਵਿਚ ਗਾਵਿਆ ਸੁਣਿਆ ਪ੍ਰਵਾਨ ਹੋ ਜਾਵੇ ਤਾਂ ਬੈਕੁੰਠ ਵਾਸਾ ਹੁੰਦਾ ਹੈ। ਇਥੇ ਬੈਕੁੰਠ ਦਾ ਭਾਵ ਉਹ ਮਾਨਸਿਕ-ਆਤਮਕ ਮੰਡਲ ਹੈ ਜਿਥੇ ਅਨੰਦ ਦਾ ਸੰਚਾਰ ਹੈ, ਜਿਥੇ ਦੁੱਖ ਦੇਣ ਵਾਲੇ ਦੋਸ਼ ਨਾਸ਼ ਹੋ ਜਾਂਦੇ ਹਨ ਅਤੇ ਸੁਭਾਵ ਵਿਚ ਟਿਕਾਓ ਅਤੇ ਅਡੋਲਤਾ ਨਾਲ ਰੂਹਾਨੀ ਨਾਤੇ ਦੀ ਸੋਝੀ ਆ ਜਾਂਦੀ ਹੈ। ਇਸੇ ਲਈ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਕਲਜੁਗ ਵਿਚ ਪ੍ਰਗਟ ਹੋਣ ਨਾਲ ਘਰ ਘਰ ਕੀਰਤਨ ਦੁਆਰਾ ਧਰਮਸਾਲ ਬਣਨ ਬਾਰੇ ਲਿਖਿਆ ਹੈ :-

*ਘਰਿ ਘਰਿ ਅੰਦਰਿ ਧਰਮਸਾਲ*
*ਹੋਵੈ ਕੀਰਤਨ ਸਦਾ ਵਸੋਆ॥*

ਇਸੇ ਲਈ ਸਿੱਖ ਧਰਮ ਨੂੰ ਕੀਰਤਨ ਸਭਿਆਚਾਰ ਦੀ ਸਦੀਵੀ ਪ੍ਰਧਾਨਤਾ ਦਾ ਵਰਦਾਨ ਪ੍ਰਾਪਤ ਹੈ। ਜਦੋਂ ਆਵਾਜ਼ ਪ੍ਰਧਾਨ ਰੇਡਿਓ ਜਾਂ ਆਡੀਓ ਸਾਧਨ ਪ੍ਰਚਲਿਤ ਹੋਏ ਤਾਂ ਆਡੀਓ ਕੈਸਟਾਂ ਦੀ ਭਰਮਾਰ ਸੀ, ਫਿਰ ਵੀਡੀਓ ਦੇ ਪ੍ਰਚਲਨ ਵੇਲੇ ਵੀਡੀਓ ਕੈਸਟਾਂ, ਫਿਰ ਸੀ. ਡੀ. ਕੈਸਟਾਂ ਅਤੇ ਇੰਟਰਨੈੱਟ ਤੇ ਵਿਭਿੰਨ ਵੈਬਸਾਈਟਸ, ਕੇਬਲ ਟੀ.ਵੀ. ਦੇ ਵਿਭਿੰਨ ਚੈਨਲਾਂ ਤੇ ਕੀਰਤਨ ਗਾਵਿਆ ਸੁਣਿਆ ਜਾਂਦਾ ਹੈ। ਸਮੇਂ ਸਮੇਂ ਨਾਲ ਹਰ ਸਾਧਨ ਰਾਹੀਂ ਕੀਰਤਨ ਗਾਵਿਆ ਸੁਣਿਆ ਜਾਣਾ ਹੈ ਪਰ ਆਪ ਕੀਰਤਨ ਕਰਨ ਦੀ ਲਹਿਰ ਤੋਰਨੀ ਬਹੁਤ ਜ਼ਰੂਰੀ ਹੈ। ਇਸ ਲਈ ਸਿੱਖ ਧਰਮ ਵਿਚ ਆਪਣੇ ਬੱਚਿਆਂ ਨੂੰ ਕੀਰਤਨ ਸਿਖਾਉਣਾ ਸ਼ੁਭ ਕਰਮ ਮੰਨਿਆ ਜਾਂਦਾ ਹੈ। ਕਾਰਨ, ਬਾਣੀ ਦੇ ਕੀਰਤਨ ਨਾਲ ਅਨੰਦ-ਸੰਚਾਰ ਸੰਭਵ ਹੋਣਾ ਹੈ। ਉਹ ਸੰਸਥਾਵਾਂ ਤੇ ਵਿਅਕਤੀ ਪ੍ਰਸੰਸਾ ਦੇ ਪਾਤਰ ਹਨ, ਧੰਨਤਾ ਦੇ ਯੋਗ ਹਨ। ਜਿਹੜੇ ਕੀਰਤਨ ਸਿਖਲਾਈ ਹਿੱਤ ਕੁਝ ਨਾ ਕੁਝ ਯੋਗਦਾਨ ਪਾ ਰਹੇ ਹਨ। ਭਾਈ ਗੁਰਦਾਸ ਜੀ ਦਾ ਕਥਨ ਹੈ :-

*ਜੈਸੇ ਸਾਤ ਮੰਦਰ*
*ਕੰਚਨ ਕੇ ਉਸਾਰ ਦੀਨੇ*
*ਤੈਸਾ ਪੁੰਨ ਸਿਖ ਕਉ*
*ਇਕ ਸ਼ਬਦ ਸਿਖਾਏ ਕਾ* (ਭਾਈ ਗੁਰਦਾਸ)

*(ਧੰਨਵਾਦ ਸਹਿਤ : ਸਾਡਾ ਵਿਰਸਾ ਸਾਡਾ ਗੌਰਵ)*

# ਹਾਰਮੋਨੀਅਮ

ਸੰਤ ਸਰਵਣ ਸਿੰਘ ਜੀ : ਡੁਮੇਲੀ ਵਾਲੇ

ਹਾਰਮੋਨੀਅਮ ਪੱਛਮੀ ਦੇਸ਼ ਦਾ ਵਿਗਿਆਨਕ ਅਤੇ ਸੁਧਰਿਆ ਹੋਇਆ ਸਾਜ਼ ਹੈ। ਇਸ ਦਾ ਪ੍ਰਚਾਰ ਭਾਰਤ ਵਿਚ ਅੱਜ ਕੱਲ੍ਹ ਬਹੁਤ ਜ਼ਿਆਦਾ ਹੋ ਗਿਆ ਹੈ। ਹਾਰਮੋਨੀਅਮ ਸ਼ਬਦ ਗਰੀਕ ਭਾਸ਼ਾ ਦੇ ਹਾਰਮਨੀ (Harmony) ਸ਼ਬਦ ਨਾਲ ਸੰਬੰਧਤ ਹੈ। ਹਾਰਮਨੀ (Harmony) ਸ਼ਬਦ ਪੱਛਮੀ ਸੰਗੀਤ ਦਾ ਆਧਾਰ ਹੈ ਜਿਸ ਦਾ ਅਰਥ ਸੁਰ-ਸੰਬਾਦ ਹੈ। ਭਾਵ, ਇਕੱਠੇ ਦੋ-ਦੋ ਜਾਂ ਦੋ ਤੋਂ ਜ਼ਿਆਦਾ ਸੁਰਾਂ ਨੂੰ ਮਧੁਰ ਭਾਸ਼ਾ ਨਾਲ ਉਤਪੰਨ ਕਰਨਾ। ਹਾਰਮੋਨੀਅਮ ਨੂੰ "ਸੁਰ ਮੰਜੂਸ਼ਾ" ਜਾਂ ਸੁਰ ਪੇਟੀ ਆਦਿ ਨਾਂਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ।

ਵਿਦਵਾਨਾਂ ਦਾ ਕਥਨ ਹੈ ਕਿ ਹਾਰਮੋਨੀਅਮ ਦਾ ਆਵਿਸ਼ਕਾਰ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਸੰਨ 1840 ਈ. ਵਿਚ "ਅਲੈਗਜੈਂਡਰ ਡੈਂਬੇਨ" ਨੇ ਕੀਤਾ ਸੀ। ਉਸ ਦੇ ਸਮੇਂ ਦੌਰਾਨ ਪੱਛਮੀ ਦੇਸ਼ਾਂ ਵਿਚ ਪਿਆਨੋ ਨਾਂ ਵਾਲੇ ਸਾਜ਼ ਦਾ ਬਹੁਤ ਜ਼ਿਆਦਾ ਪ੍ਰਚਾਰ ਸੀ। ਇਸੇ ਪਿਆਨੋ ਦੀ ਸਹਾਇਤਾ ਨਾਲ "ਡੇਂਬੈਨ" ਨੇ ਹਾਰਮੋਨੀਅਮ ਦਾ ਆਵਿਸ਼ਕਾਰ ਕੀਤਾ। ਹਾਰਮੋਨੀਅਮ ਦੇ ਸੁਰ "ਫਰੀ-ਰੀਡ" ਅਖਵਾਉਂਦੇ ਹਨ। ਇਹ ਧਾਤੂ ਦੇ ਬਣੇ ਹੋਏ ਹੁੰਦੇ ਹਨ ਤੇ ਇਹਨਾਂ ਦੇ ਵਿਚ ਇਕ ਪਤਲੀ ਜਿਹੀ ਪੱਤੀ ਲੱਗੀ ਹੁੰਦੀ ਹੈ ਜੋ ਹਵਾ ਦੇ ਟਕਰਾਉਣ ਨਾਲ ਕੰਪਨ ਪੈਦਾ ਕਰਦੀ ਹੈ। ਹਾਰਮੋਨੀਅਮ ਦੇ ਪੱਖੇ ਰਾਹੀਂ 'ਰੀਡਜ਼' ਵਿਚ ਹਵਾ ਪੁਚਾਈ ਜਾਂਦੀ ਹੈ। ਹਵਾ ਦੇ ਟਕਰਾਉਣ ਨਾਲ ਰੀਡਜ਼ ਦੀਆਂ ਪੱਤੀਆਂ ਕੰਬਣ ਲਗਦੀਆਂ ਹਨ ਅਤੇ ਇਸ ਤਰ੍ਹਾਂ ਸੁਰ ਉਤਪੰਨ ਹੁੰਦੇ ਹਨ। ਹਾਰਮੋਨੀਅਮ ਦੇ ਉਪਰਲੇ ਹਿੱਸੇ ਤੇ ਸੁਰਾਂ ਨੂੰ ਉਤਪੰਨ ਕਰਨ ਲਈ ਲੱਕੜੀ ਦੀਆਂ ਪੇਟੀਆਂ ਲੱਗੀਆ ਹੁੰਦੀਆਂ ਹਨ। ਇਹਨਾਂ ਨੂੰ ਪਰਦੇ ਆਖਿਆ ਜਾਂਦਾ ਹੈ। ਇਹ ਪਰਦੇ ਹਾਰਮੋਨੀਅਮ ਦੇ ਰੀਡਜ਼ ਨੂੰ ਇਕ ਪਾਸਿਉਂ ਬੰਦ ਰੱਖਦੇ ਹਨ। ਇਸ ਤਰ੍ਹਾਂ ਰੀਡਜ਼ ਵਿਚੋਂ ਹਵਾ ਨਹੀਂ ਨਿਕਲ ਸਕਦੀ ਅਤੇ ਆਵਾਜ਼ ਵੀ ਪੈਦਾ ਨਹੀਂ ਹੁੰਦੀ। ਪਰ ਜਦ ਪਰਦਿਆਂ ਨੂੰ ਉਂਗਲੀਆਂ ਨਾਲ ਦਬਾਇਆ ਜਾਂਦਾ ਹੈ ਤਾਂ ਰੀਡਜ਼ ਦੋਵੇਂ ਪਾਸਿਉਂ ਖੁੱਲ੍ਹ ਜਾਂਦੇ ਹਨ ਜਿਸ ਨਾਲ ਪੱਖੇ ਦੀ ਹਵਾ ਰੀਡਜ਼ ਵਿਚੋਂ ਨਿਕਲ ਜਾਂਦੀ ਹੈ ਅਤੇ ਧਵਨਿ (ਆਵਾਜ਼) ਪੈਦਾ ਹੁੰਦੀ ਹੈ। ਹਵਾ ਦੇ ਬੰਦ ਹੁੰਦਿਆਂ ਹੀ ਰੀਡਜ਼ ਦਾ ਕੰਪਨ ਵੀ ਬੰਦ ਹੋ ਜਾਂਦਾ ਹੈ ਤੇ ਆਵਾਜ਼ ਵੀ ਖਤਮ ਹੋ ਜਾਂਦੀ ਹੈ। ਹਾਰਮੋਨੀਅਮ ਦੋ ਪ੍ਰਕਾਰ ਦੇ ਹੁੰਦੇ ਹਨ।

1. **ਸਿੰਗਲ ਰੀਡਜ਼** 2. **ਡਬਲ ਰੀਡਜ਼**

ਜ਼ਿਆਦਾਤਰ ਹਾਰਮੋਨੀਅਮ ਤਿੰਨ ਜਾਂ ਸਾਢੇ ਤਿੰਨ ਸਪਤਕਾਂ ਦੇ ਹੁੰਦੇ ਹਨ।

ਹਾਰਮੋਨੀਅਮ ਨੂੰ ਆਧੁਨਿਕ ਸੰਗੀਤ ਵਿਚ ਬਹੁਤ ਹੀ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਸਾਜ਼ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਬਣਾਵਟ ਬਹੁਤ ਹੀ ਸਾਦੀ ਹੁੰਦੀ ਹੈ। ਇਸੇ ਲਈ ਆਰੰਭਕ ਵਿਦਿਆਰਥੀ ਜਾਂ ਛੋਟਾ ਜਿਹਾ ਬੱਚਾ ਵੀ ਇਸ ਨੂੰ ਵਜਾ ਸਕਦਾ ਹੈ। ਕਿਉਂਕਿ ਬਾਕੀ ਤਾਰ-ਸਾਜ਼ਾਂ ਵਾਂਗ ਇਸ ਦੇ ਸੁਰ ਉਤਾਰੇ ਜਾਂ ਚੜ੍ਹਾਏ ਨਹੀ ਜਾ ਸਕਦੇ। ਇਸ ਦੇ ਸੁਰ ਮਿਲੇ ਹੋਏ ਹੁੰਦੇ ਹਨ।

ਖਾਲੀ ਪੱਖਾ ਖੋਹਲ ਕੇ ਪਰਦੇ ਉੱਪਰ ਉਂਗਲੀਆਂ ਰੱਖਣ ਨਾਲ ਆਵਾਜ਼ ਨਿਕਲਣ ਲੱਗ ਪੈਂਦੀ ਹੈ। ਵਿਦਿਆਰਥੀਆਂ ਤੋਂ ਲੈ ਕੇ ਵੱਡੇ ਤੋਂ ਵੱਡੇ ਸੰਗੀਤਕਾਰ ਵੀ ਇਸ ਸਾਜ਼ ਦਾ ਸਹਾਰਾ ਲੈ ਕੇ ਗਾਉਂਦੇ ਹਨ। ਮਹਿਫਲਾਂ ਵਿਚ ਗਾਉਣ ਵਜਾਉਣ ਲਈ ਬਹੁਤ ਹੀ ਮੁਨਾਸਬ ਸਾਜ਼ ਹੈ। ਇਸ ਸਾਜ਼ ਦੇ ਕਿਸੇ ਵੀ ਸੁਰ ਨੂੰ 'ਸਾ' ਮੰਨ ਕੇ ਗਾਇਆ ਵਜਾਇਆ ਜਾ ਸਕਦਾ ਹੈ। ਹਾਰਮੋਨੀਅਮ ਦੇ ਕੁਝ ਜ਼ਰੂਰੀ ਹਿੱਸੇ ਨਿਮਨ ਲਿਖਿਤ ਹਨ:

1. **ਸਟੌਪਜ਼** - ਹਾਰਮੋਨੀਅਮ ਦੇ ਅਗਲੇ ਪਾਸੇ ਚਾਰ ਜਾਂ ਪੰਜ ਲਾਟੂ ਜਿਹੇ ਲੱਗੇ ਹੁੰਦੇ ਹਨ। ਇਹਨਾਂ ਨੂੰ ਸਟੌਪਜ਼ ਆਖਿਆ ਜਾਂਦਾ ਹੈ। ਵਜਾਉਣ ਤੋਂ ਪਹਿਲਾਂ ਇਹਨਾਂ ਨੂੰ ਬਾਹਰ ਵੱਲ ਖਿੱਚ ਲਿਆ ਜਾਂਦਾ ਹੈ ਤਾਂ ਜੋ ਇਹਨਾਂ ਰਾਹੀਂ ਹਵਾ ਅੰਦਰ ਜਾ ਸਕੇ। ਇਸ ਹਵਾ ਨਾਲ ਹੀ ਹਾਰਮੋਨੀਅਮ 'ਚੋਂ ਆਵਾਜ਼ ਪੈਦਾ ਹੁੰਦੀ ਹੈ।

2. **ਰੀਡ ਬੋਰਡ** - ਰੀਡ ਬੋਰਡ ਹਾਰਮੋਨੀਅਮ ਦੇ ਉਸ ਹਿੱਸੇ ਨੂੰ ਆਖਿਆ ਜਾਂਦਾ ਹੈ ਜਿੱਥੇ ਸਾਡੀਆਂ ਉਂਗਲਾਂ ਕੰਮ ਕਰਕੇ ਇਸ ਸਾਜ਼ ਚੋਂ ਸੰਗੀਤਮਈ ਲੈਅ ਪੈਦਾ ਕਰਦੀਆਂ ਹਨ। ਆਮ ਤੌਰ ਤੇ ਇਸ ਰੀਡ ਬੋਰਡ ਉੱਪਰ 39 ਰੀਡਜ਼ ਹੁੰਦੇ ਹਨ ਜਿਨ੍ਹਾਂ ਵਿਚੋਂ ਤਿੰਨ-ਤਿੰਨ ਰੀਡਜ਼ ਪੰਜਾਂ ਹਿੱਸਿਆਂ ਵਿਚ ਵੰਡੇ ਹੋਏ ਹੋਣ ਕਾਰਨ 15 ਉੱਪਰ

ਅਤੇ ਬਾਕੀ ਦੇ 22 ਰੀਡਜ਼ ਹੇਠਾਂ ਹੁੰਦੇ ਹਨ। ਦੋ ਰੀਡ ਜ਼ਿਆਦਾ ਹੁੰਦੇ ਹਨ। ਇਕ ਉੱਪਰ ਅਤੇ ਇਕ ਹੇਠਾਂ ਵੱਲ ਤੇ ਇਸ ਤਰ੍ਹਾਂ ਕੁੱਲ 39 ਰੀਡਜ਼ ਹੁੰਦੇ ਹਨ।

3. ਪੱਖਾ - ਹਾਰਮੋਨੀਅਮ ਵਿਚ ਹਵਾ ਦੇਣ ਲਈ ਜਿਹੜੀ ਧੌਂਕਣੀ ਜਿਹੀ ਲੱਗੀ ਹੋਈ ਹੁੰਦੀ ਹੈ ਉਸ ਨੂੰ ਪੱਖਾ ਆਖਿਆ ਜਾਂਦਾ ਹੈ। ਪੱਖੇ ਦੋ ਹੁੰਦੇ ਹਨ। ਇਕ ਪੱਖਾ ਅੰਦਰ ਅਤੇ ਦੂਜਾ ਬਾਹਰ ਹੁੰਦਾ ਹੈ। ਬਾਹਰ ਵਾਲਾ ਪੱਖਾ ਹਾਰਮੋਨੀਅਮ ਦੇ ਪਿਛਲੇ ਪਾਸੇ ਹੁੰਦਾ ਹੈ ਅਤੇ ਇਸ ਨੂੰ ਖੱਬੇ ਹੱਥ ਨਾਲ ਚਲਾਇਆ ਜਾਂਦਾ ਹੈ। ਅੰਦਰ ਵਾਲਾ ਪੱਖਾ ਕਿਸ਼ਤੀ ਦੇ ਹੇਠਾਂ ਹੁੰਦਾ ਹੈ ਅਤੇ ਉਸ ਵਿਚ ਦੀ ਹੋ ਕੇ ਹੀ ਹਵਾ ਕਿਸ਼ਤੀ ਵਿਚ ਦਾਖਲ ਹੁੰਦੀ ਹੈ।

4. **ਕਿਸ਼ਤੀ** - ਕਿਸ਼ਤੀ ਹਾਰਮੋਨੀਅਮ ਦੇ ਉਸ ਹਿੱਸੇ ਨੂੰ ਆਖਿਆ ਜਾਂਦਾ ਹੈ ਜਿਹੜਾ ਇਕ ਸੰਦੂਕੜੀ ਦੀ ਸ਼ਕਲ ਵਿਚ ਹੁੰਦਾ ਹੈ। ਇਸ ਦੇ ਉੱਪਰ ਰੀਡ ਬੋਰਡ, ਪਿਛਲੇ ਪਾਸੇ ਪੱਖਾ ਅਤੇ ਸਾਹਮਣੇ ਸਟੌਪਜ਼ ਹੁੰਦੇ ਹਨ।

5. **ਸਪਰਿੰਗ ਦੀਆਂ ਤਾਰਾਂ** - ਇਹ ਤਾਰਾਂ ਅੰਦਰਲੇ ਪੱਖੇ ਦੇ ਹੇਠਾਂ ਵੱਲ ਲੱਗੀਆਂ ਹੋਈਆਂ ਹੁੰਦੀਆਂ ਹਨ। ਵੱਡੇ ਅਤੇ ਦਰਮਿਆਨੇ ਵਾਜੇ ਵਿਚ ਦੋ ਤਾਰਾਂ ਲਗਦੀਆਂ ਹਨ ਜਦ ਕਿ ਛੋਟੇ ਵਾਜੇ ਵਿਚ ਇਕੋ ਹੀ ਤਾਰ ਹੁੰਦੀ ਹੈ।

6. **ਕਮਾਨੀਆਂ** - ਇਹ ਕਮਾਨੀਆਂ ਰੀਡਜ਼ ਅਥਵਾ ਪਰਦਿਆਂ ਉੱਪਰ ਲੱਗੀਆਂ ਹੋਈਆਂ ਹੁੰਦੀਆਂ ਹਨ। ਇਹ ਪਰਦਿਆਂ, ਜਿਨ੍ਹਾਂ ਨੂੰ ਚਾਬੀਆਂ ਵੀ ਆਖਿਆ ਜਾਂਦਾ ਹੈ, ਨੂੰ ਦਬਾਈ ਰੱਖਦੀਆਂ ਹਨ। ਪਿੱਤਲ ਦੇ ਇਹ ਸਪਰਿੰਗ ਪਰਦੇ ਉੱਪਰ ਉਂਗਲੀ ਰੱਖਦੇ ਸਾਰ ਆਪਣੇ ਆਪ ਉੱਠ ਜਾਂਦੇ ਹਨ ਅਤੇ ਪਰਦਿਆਂ ਦੇ ਉਠਦੇ ਸਾਰ ਹੀ ਇਹ ਕਮਾਨੀ ਇਕ ਦਮ ਉਸ ਨੂੰ ਹੇਠਾਂ ਵੱਲ ਦਬਾਉਂਦੀ ਹੈ। ਇਸ ਦਾ ਲਾਭ ਇਹ ਹੈ ਕਿ ਜਿਸ ਰੀਡ ਉੱਪਰ ਅਸੀਂ ਉਂਗਲੀ ਰੱਖਦੇ ਹਾਂ ਉਹੋ ਰੀਡ ਹੀ ਆਵਾਜ਼ ਪੈਦਾ ਕਰਦੀ ਹੈ। ਜੇਕਰ ਇਹ ਸਪਰਿੰਗ ਨਾ ਹੋਣ ਤਾਂ ਸਾਰੀਆਂ ਦੀਆਂ ਸਾਰੀਆਂ ਸੁਰਾਂ ਹੀ ਇਕੋ ਵਾਰ ਬੋਲ ਉੱਠਣ।

**ਹਾਰਮੋਨੀਅਮ ਦੀ ਸੰਭਾਲ** : ਭਾਵੇਂ ਕੋਈ ਕਿਤਾਬ ਹੋਵੇ ਜਾਂ ਸਾਜ਼, ਉਸ ਦੀ ਪੂਰੀ ਹਿਫਾਜ਼ਤ ਨਾਲ ਸੰਭਾਲ ਹੋਣੀ ਚਾਹੀਦੀ ਹੈ। ਜੇਕਰ ਇਹਨਾਂ ਦੀ ਸੰਭਾਲ ਨਾ ਕੀਤੀ ਜਾਵੇ ਤਾਂ ਇਹਨਾਂ ਦੇ ਖਰਾਬ ਹੋਣ ਦਾ ਅੰਦੇਸ਼ਾ ਹੁੰਦਾ ਹੈ। ਕਿਤਾਬਾਂ ਨੂੰ ਸਿਉਂਕ ਵਗੈਰਾ ਲੱਗ ਜਾਂਦੀ ਹੈ ਜਦ ਕਿ ਸਾਜ਼ ਨੂੰ ਜੰਗਾਲ ਅਤੇ ਸਲ੍ਹਾਬਾਂ ਆਦਿ ਖਰਾਬ ਕਰ ਦਿੰਦੇ ਹਨ। ਵੇਖਣ ਵਿਚ ਆਇਆ ਹੈ ਕਿ ਕਈ ਵਾਰ ਭਾਰੀ ਰਕਮਾਂ ਲਗਾ ਕੇ ਹਾਰਮੋਨੀਅਮ ਜਾਂ ਦੂਜੇ ਸਾਜ਼ ਖਰੀਦ ਲਏ ਜਾਂਦੇ ਹਨ ਪਰ ਉਹਨਾਂ ਦੀ ਠੀਕ ਤਰੀਕੇ ਨਾਲ ਸੰਭਾਲ ਨਾ ਹੋਣ ਕਾਰਨ ਉਹਨਾਂ ਨੂੰ ਜੰਗਾਲ ਜਾਂ ਸਲ੍ਹਾਬਾ ਕਾਰ-ਆਮਦ ਹਾਲਤਾਂ ਵਿਚ ਨਹੀ ਰਹਿਣ ਦਿੰਦੇ। ਕਿਉਂਕਿ ਹਾਰਮੋਨੀਅਮ ਦੇ ਪੱਖੇ ਨੂੰ ਸਾਬਰ ਲੱਗਾ ਹੋਇਆ ਹੁੰਦਾ ਹੈ ਇਸ ਲਈ ਉਹ ਸਲ੍ਹਾਬੇ ਨਾਲ ਪਾਟ ਜਾਂਦਾ ਹੈ। ਜਾਂ ਫੇਰ ਪੱਖਾ ਲੱਕੜ ਦੇ ਨਾਲ ਇਕ ਪਾਸੇ ਵੱਲ ਇਕੱਠਾ ਹੋ ਕੇ ਜੁੜ ਜਾਂਦਾ ਹੈ। ਕਈ ਵਾਰ ਤਾਂ ਇਹਨਾਂ ਵਿਚ ਘਰੀਣੀਆਂ ਆਪਣਾ ਘਰ ਪਾ ਲੈਂਦੀਆਂ ਹਨ, ਮਧੋੜੀਆਂ ਦਾ ਖੱਖਰ ਲੱਗ ਜਾਂਦਾ ਹੈ ਅਤੇ ਜਾਲੇ ਆਦਿ ਲੱਗ ਜਾਂਦੇ ਹਨ। ਇਹਨਾਂ ਵਿਚ ਮੱਕੜੀਆਂ ਨੂੰ ਵੀ ਆਪਣਾ ਘਰ ਬਣਾਉਣ ਦਾ ਬੜਾ ਸੋਹਣਾ ਮੌਕਾ ਮਿਲ ਜਾਂਦਾ ਹੈ। ਜੇਕਰ ਹੋਰ ਕੁਝ ਨਾ ਹੋਵੇ ਤਾਂ ਚੂਹੇ ਜ਼ਰੂਰ ਇਸ ਨੂੰ ਟੁੱਕ ਕੇ ਇਸ ਵਿਚ ਮੋਰੀਆਂ ਕਰ ਦਿੰਦੇ ਹਨ। ਇਸ ਤਰ੍ਹਾਂ ਚੂਹੇ ਸਾਬਰ ਅਤੇ ਗੱਤੇ ਨੂੰ ਕੁਤਰ ਕੇ ਬਰਬਾਦ ਕਰ ਦਿੰਦੇ ਹਨ। ਅਜਿਹੀ ਹਾਲਤ ਵਿਚ ਜਦ ਵਾਜਾ ਵਜਾਉਣ ਲਈ ਖੋਲ੍ਹਿਆ ਜਾਂਦਾ ਹੈ ਤਾਂ ਉਹ ਵਾਜਾ ਨਾ ਰਹਿ ਕੇ ਲੱਕੜੀ ਦਾ ਇਕ ਖੋਖਾ ਜਿਹਾ ਹੀ ਨਜ਼ਰ ਆਉਂਦਾ ਹੈ। ਉਸ ਵਿਚੋਂ ਸਿਵਾ ਚੂਹੇ ਦੀਆਂ ਮੀਂਗਣਾ, ਜਾਲੇ ਅਤੇ ਮਿੱਟੀ ਆਦਿ ਦੇ ਹੋਰ ਕੁਝ ਨਹੀਂ ਮਿਲਦਾ।

ਇਸ ਤਰ੍ਹਾਂ ਅਸੀਂ ਵਾਜਾ ਵਜਾਉਣ ਤੋਂ ਅਸਮਰਥ ਹੋ ਜਾਂਦੇ ਹਾਂ ਤੇ ਕੇਵਲ ਆਪਣੀ ਅਣਗਿਹਲੀ ਤੇ ਪਛਤਾਉਣਾ ਹੀ ਪੱਲੇ ਪੈਂਦਾ ਹੈ। ਇਸ ਲਈ ਜਿੱਥੇ ਅਸੀਂ ਪੜ੍ਹਨਾ ਜਾਂ ਕੀਰਤਨ ਕਰਨਾ ਪਸੰਦ ਕਰਦੇ ਹਾਂ ਉਥੇ ਸਾਨੂੰ ਆਪਣੇ ਸਾਜ਼ਾਂ ਦੀ ਸੰਭਾਲ ਵੀ ਪੂਰੀ ਤਰ੍ਹਾਂ ਕਰਨੀ ਚਾਹੀਦੀ ਹੈ।

ਇਹਨਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਅਸੀਂ ਇੱਥੇ ਕੁਝ ਸੁਝਾਅ ਪੇਸ਼ ਕਰ ਰਹੇ ਹਾਂ। ਜੇਕਰ ਇਹਨਾਂ ਸੁਝਾਵਾਂ ਉੱਪਰ ਠੀਕ ਤਰੀਕੇ ਨਾਲ ਅਮਲ ਕੀਤਾ ਜਾਵੇ ਤਾਂ ਕਦੀ ਕੋਈ ਵੀ ਸਾਜ਼ ਖਰਾਬ ਨਹੀਂ ਹੋ ਸਕਦਾ।

**ਸੁਝਾਅ** : 1. ਪਹਿਲਾਂ ਸੁਝਾਅ ਇਹ ਹੈ ਕਿ ਵਾਜਾ ਹਮੇਸ਼ਾ ਅੱਛੀ ਕਿਸਮ ਦਾ ਖਰੀਦਿਆ ਜਾਵੇ। ਉਸ ਵਿਚ ਸੈੱਟ ਸੁਚੱਜੀ ਕਿਸਮ ਦਾ ਹੋਣਾ ਚਾਹੀਦਾ ਹੈ। ਉਸ ਦੇ ਸੁਰ ਠੀਕ ਹੋਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀ ਨੂੰ ਸੁਰ ਗਿਆਨ ਪੂਰੀ ਤਰ੍ਹਾਂ ਹੋ ਸਕੇ। ਕਿਉਂਕਿ ਨਵੇਂ ਸਿਖਾਂਦਰੂ ਨੇ ਵਾਜੇ ਨਾਲ ਹੀ ਪ੍ਰੈਕਟਿਸ ਕਰਨੀ ਹੁੰਦੀ ਹੈ ਇਸ ਲਈ ਜੇਕਰ ਵਾਜਾ ਬੇਸੁਰਾ ਹੋਵੇਗਾ ਤਾਂ ਸਿਖਾਂਦਰੂ ਦਾ ਸੁਰ ਵੀ ਬੇਸੁਰਾ ਹੋ ਜਾਵੇਗਾ ਤੇ ਜੋ ਵਾਜੇ ਦਾ ਸੈੱਟ ਸੁਰ ਵਿਚ ਹੋਵੇਗਾ ਤਾਂ ਸਿਖਾਂਦਰੂ ਦਾ ਸੁਰ ਵੀ ਗਾਉਂਦੇ-ਗਾਉਂਦੇ

ਆਪਣੇ ਆਪ ਸੁਰ ਵਿਚ ਆ ਜਾਵੇਗਾ ਅਤੇ ਮਿਹਨਤ ਸਦਕਾ ਉਸ ਦਾ ਗਲਾ ਸੁਰੀਲਾ ਅਤੇ ਮਧੁਰ ਹੋ ਜਾਵੇਗਾ।

2. ਦੂਸਰੀ ਗੱਲ ਇਹ ਕਿ ਜਿਸ ਪੁਸਤਕ ਜਾਂ ਸਾਜ਼ ਤੋਂ ਗਿਆਨ ਗ੍ਰਹਿਣ ਕਰਨਾ ਹੋਵੇ ਉਸ ਦੀ ਸੰਭਾਲ ਬਹੁਤ ਹੀ ਜ਼ਰੂਰੀ ਹੈ। ਇਸ ਲਈ ਕੱਪੜੇ ਦੇ ਦੋ ਵੱਡੇ ਰੁਮਾਲ ਬਣਵਾ ਕੇ ਉਹਨਾਂ ਵਿਚ ਬੰਨ੍ਹ ਕੇ ਵਾਜੇ ਨੂੰ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਦੋ ਰੁਮਾਲਾਂ ਦਾ ਪ੍ਰਬੰਧ ਨਾ ਹੋ ਸਕੇ ਤਾਂ ਘੱਟੋ ਘੱਟ ਇਕ ਰੁਮਾਲ ਤਾਂ ਜ਼ਰੂਰ ਹੋਣਾ ਚਾਹੀਦਾ ਹੈ। ਵਾਜੇ ਨੂੰ ਦੂਜੇ ਜਾਂ ਤੀਜੇ ਦਿਨ ਜ਼ਰੂਰ ਸਾਫ ਕੀਤਾ ਜਾਵੇ ਭਾਵੇਂ ਉਸ ਨੂੰ ਵਜਾਉਣਾ ਹੋਵੇ ਜਾਂ ਨਾ। ਪਰ ਵਾਜੇ ਨੂੰ ਖੋਲ੍ਹ ਕੇ ਉਸ ਦੀ ਸਫਾਈ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

3. ਵਾਜੇ ਦੇ ਰੱਖਣ ਲਈ ਥਾਂ ਵੀ ਕੋਈ ਚੰਗੀ ਜਿਹੀ ਤਲਾਸ਼ ਕਰਨੀ ਚਾਹੀਦੀ ਹੈ। ਇਹ ਥਾਂ ਅਜਿਹੀ ਹੋਣੀ ਚਾਹੀਦੀ ਹੈ ਜਿੱਥੇ ਮਿੱਟੀ ਅਤੇ ਸਲ੍ਹਾਬੇ ਦਾ ਕੋਈ ਖਤਰਾ ਨਾ ਹੋਵੇ।

4. ਵਾਜੇ ਨੂੰ ਕਿਸੇ ਅਲਮਾਰੀ ਜਾਂ ਬਕਸੇ ਵਿਚ ਰੱਖਣਾ ਬਹੁਤ ਹੀ ਉੱਤਮ ਹੈ ਤਾਂ ਜੋ ਕਿਸੇ ਪ੍ਰਕਾਰ ਦਾ ਕੀੜਾ, ਮਕੌੜਾ ਜਾਂ ਸਲ੍ਹਾਬਾ ਉਸ ਨੂੰ ਨੁਕਸਾਨ ਨਾ ਪੁਚਾ ਸਕੇ। ਜੇਕਰ ਇਹਨਾਂ ਹਦਾਇਤਾਂ ਉੱਪਰ ਅਮਲ ਕੀਤਾ ਜਾਵੇ ਤਾਂ ਸਾਜ਼ ਕਦੀ ਵੀ ਖਰਾਬ ਨਹੀ ਹੋਵੇਗਾ ਅਤੇ ਉਸ ਨੂੰ ਸਦਾ ਹੀ ਵਰਤਿਆ ਜਾ ਸਕਦਾ ਹੈ।

**ਹਾਰਮੋਨੀਅਮ ਨੂੰ ਵਜਾਉਣਾ, ਖੋਲ੍ਹਣਾ ਤੇ ਬੰਦ ਕਰਨਾ:**

ਜਿਸ ਵੇਲੇ ਹਾਰਮੋਨੀਅਮ ਨੂੰ ਵਜਾਉਣਾ ਹੋਵੇ ਤਾਂ ਉਸ ਦੇ ਰੀਡਜ਼ ਅਤੇ ਸਪਰਿੰਗ ਉੱਪਰ ਰੱਖੀ ਹੋਈ ਪੱਟੜੀ ਨੂੰ ਚੁੱਕ ਕੇ ਵੱਖ ਕਰ ਲਵੋ। ਇਸ ਪਿੱਛੋਂ ਉਸ ਦੇ ਸਟੌਪਜ਼ ਖੋਲ੍ਹੋ ਭਾਵ ਇਹ ਕਿ ਸਾਹਮਣੇ ਪਾਸੇ ਜਿਹੜੇ ਲਾਟੂ ਜਿਹੇ ਲੱਗੇ ਹੋਏ ਹਨ ਉਹਨਾਂ ਨੂੰ ਆਪਣੀ ਵੱਲ ਬਾਹਰ ਨੂੰ ਖਿੱਚ ਲਵੋ। ਇਹ ਲਾਟੂ ਪੰਜ ਹੁੰਦੇ ਹਨ। ਇਹਨਾਂ ਵਿਚੋਂ ਤਿੰਨ ਜਾਂ ਚਾਰ ਸਟੌਪਜ਼ ਨੂੰ ਖੋਲ੍ਹਣ ਤੋਂ ਬਾਦ ਪੱਖਾ ਖੋਲ੍ਹ ਦੇਵੋ ਅਤੇ ਉਸ ਨੂੰ ਖੱਬੇ ਹੱਥ ਨਾਲ ਹੌਲੀ ਹੌਲੀ ਚਲਾਓ। ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ ਕਿ ਜਿਵੇਂ ਜਿਵੇਂ ਪੱਖਾ ਚਲਦਾ ਜਾਵੇ ਤਿਵੇਂ ਤਿਵੇਂ ਹੱਥ ਦੀਆਂ ਉਂਗਲੀਆਂ ਵੀ ਪਰਦਿਆਂ ਉੱਪਰ ਬਰਾਬਰ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ। ਇਸ ਦਾ ਅਰਥ ਇਹ ਹੈ ਕਿ ਪੱਖਾ ਜਿਹੜੀ ਹਵਾ ਪੈਦਾ ਕਰਦਾ ਹੈ ਉਹ ਵਰਤੋਂ ਵਿਚ ਆਉਂਦੀ ਰਹੇ। ਜੇਕਰ ਇਸ ਪਾਸੇ ਵੱਲ ਉਚਿੱਤ ਧਿਆਨ ਨਾ ਦਿੱਤਾ ਗਿਆ ਤਾਂ ਪੱਖੇ ਦੇ ਫਟ ਜਾਣ ਦਾ ਡਰ ਹੁੰਦਾ ਹੈ।

ਵਾਜੇ ਨੂੰ ਬੰਦ ਕਰਨ ਦੀ ਵਿਧੀ ਇਸ ਪ੍ਰਕਾਰ ਹੈ। ਜਦ ਤੁਸੀਂ ਵਾਜਾ ਵਜਾ ਚੁੱਕੋ ਅਤੇ ਉਸ ਨੂੰ ਸੰਭਾਲ ਕੇ ਰੱਖਣਾ ਹੋਵੇ ਤਾਂ ਸਭ ਤੋਂ ਪਹਿਲਾਂ ਰੀਡਜ਼ ਭਾਵ ਪਰਦਿਆਂ ਉੱਪਰ ਹੱਥ ਰੱਖ ਕੇ ਉਹਨਾਂ ਨੂੰ ਦਬਾਵੋ ਤਾਂ ਜੋ ਸਾਰੀ ਹਵਾ ਖਾਰਿਜ ਹੋ ਜਾਵੇ। ਫੇਰ ਆਪਣੀ ਹਥੇਲੀ ਨੂੰ ਪਰਦਿਆਂ ਉੱਪਰ ਰੱਖੇ ਹੋਏ ਹੀ ਪੱਖਾ ਬੰਦ ਕਰ ਦੇਵੋ। ਉਪਰੰਤ ਸਟੌਪਜ਼ ਨੂੰ ਬੰਦ ਕਰੋ ਤੇ ਫੇਰ ਉਸ ਦੇ ਉੱਪਰ ਫੱਟੀ ਜਾਂ ਢੱਕਣ ਰੱਖ ਕੇ ਕੱਪੜੇ ਵਿਚ ਬੰਨ੍ਹ ਦੇਵੋ ਜਾਂ ਬਕਸੇ ਵਿਚ ਰੱਖ ਦੇਵੋ।

**ਹਾਰਮੋਨੀਅਮ ਵਜਾਉਣ ਦਾ ਤਰੀਕਾ :**

ਹਾਰਮੋਨੀਅਮ ਨੂੰ ਖੋਲ੍ਹਣ ਪਿੱਛੋਂ ਜਦ ਖੱਬੇ ਹੱਥ ਨਾਲ ਉਸ ਦਾ ਪੱਖਾ ਹੌਲੀ ਹੌਲੀ ਚਲਾਉਣਾ ਸ਼ੁਰੂ ਕਰੋ ਤਾਂ ਸੱਜੇ ਹੱਥ ਦੀਆਂ ਉਂਗਲੀਆਂ ਨਾਲ ਪਰਦਿਆਂ ਨੂੰ ਦਬਾਇਆ ਜਾਂਦਾ ਹੈ। ਆਮ ਤੌਰ ਤੇ ਤਿੰਨ ਵੱਡੀਆਂ ਉਂਗਲਾਂ ਤੋਂ ਹੀ ਕੰਮ ਲਿਆ ਜਾਂਦਾ ਹੈ। ਉਂਞ ਤੇ ਚੀਚੀ ਉਂਗਲੀ ਨਾਲ ਹੀ ਕੰਮ ਲੈਣ ਦਾ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਅਗਲੇ ਸੁਰ ਨੂੰ ਠੀਕ ਤਰ੍ਹਾਂ ਨਾਲ ਦਬਾਉਣ ਵਿਚ ਮਦਦ ਮਿਲਦੀ ਹੈ। ਉਂਗਲ ਚਲਾਉਣ ਲੱਗਿਆਂ ਇਹ ਗੱਲ ਦਾ ਧਿਆਨ ਵਿਚ ਰੱਖੀ ਜਾਣੀ ਚਾਹੀਦੀ ਹੈ ਕਿ ਅੰਗੂਠਾ ਕਦੀ ਵੀ ਉਪਰਲੀਆਂ ਸੁਰਾਂ ਉੱਪਰ ਨਾ ਆਵੇ। ਬਾਕੀ ਦੀਆਂ ਉਂਗਲਾਂ ਵੀ ਸਿੱਧੀਆਂ ਅਤੇ ਅੱਗੇ ਪਿੱਛੇ ਹੋਣੀਆਂ ਚਾਹੀਦੀਆਂ ਹਨ। ਹੱਥ ਨੂੰ ਪੁੱਠਾ ਨਹੀਂ ਚਲਾਉਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਹੱਥ ਨਹੀਂ ਚਲਦਾ ਦੂਜੇ ਵਜਾਉਣ ਵੇਲੇ ਵੇਖਣ ਵਾਲੇ ਨੂੰ ਚੰਗਾ ਨਹੀਂ ਲੱਗਦਾ। ਇਸ ਲਈ ਉਂਗਲਾਂ ਨੂੰ ਸਿੱਧੀਆਂ ਹਿਲਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਵਾਜੇ ਉੱਪਰ ਉਂਗਲੀਆਂ ਕਦੀ ਵੀ ਸਿੱਧੀਆਂ ਨਹੀਂ ਰੱਖੀਆਂ ਜਾਣੀਆਂ ਚਾਹੀਦੀਆਂ ਇਹਨਾਂ ਨੂੰ ਕੁਝ ਵਿੰਗੀਆਂ ਕਰਕੇ ਰੱਖਿਆ ਜਾਣਾ ਚਾਹੀਦਾ ਹੈ। ਇਕ ਉਂਗਲੀ ਇਕੋ ਸਮੇ ਇਕੋ ਹੀ ਪਰਦੇ ਜਾਂ ਸੁਰ ਉੱਪਰ ਰਹਿਣੀ ਚਾਹੀਦੀ ਹੈ। ਦੂਜੇ ਸੁਰ ਉੱਪਰ ਉਂਗਲੀ ਰੱਖਣ ਲੱਗਿਆਂ ਪਹਿਲੇ ਸੁਰ ਤੋਂ ਉਂਗਲੀ ਚੁੱਕ ਲੈਣੀ ਚਾਹੀਦੀ ਹੈ। ਉਂਗਲਾਂ ਸੁਰਾਂ ਉੱਪਰ ਪੋਲੀਆਂ ਪੋਲੀਆਂ ਮਾਰਨੀਆਂ ਚਾਹੀਦੀਆਂ ਹਨ। ਜ਼ੋਰ ਨਾਲ ਮਾਰਨ ਕਾਰਨ ਖਟ ਖਟ ਦੀ ਆਵਾਜ਼ ਪੈਦਾ ਹੁੰਦੀ ਹੈ ਤੇ ਨਾਲ ਹੀ ਵਾਜੇ ਨੂੰ ਵੀ ਨੁਕਸਾਨ ਪੁਜਦਾ ਹੈ। ਵਾਜਾ ਵਜਾਉਣ ਵੇਲੇ ਸਿੱਧਾ ਹੋ ਕੇ ਬੈਠਿਆ ਜਾਣਾ ਚਾਹੀਦਾ ਹੈ।

ਹਾਰਮੋਨੀਅਮ ਦੇ ਕਿਸੇ ਵੀ ਪਰਦੇ ਨੂੰ 'ਸਾ' ਮੰਨ ਕੇ

ਗਾਇਆ ਜਾ ਸਕਦਾ ਹੈ ਪਰ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਗਾਉਣ ਵਾਲੇ ਦੀ ਆਵਾਜ਼ 'ਸਾ' ਤੋਂ ਉੱਪਰ ਅਤੇ ਹੇਠਾਂ ਦੋਵੇਂ ਪਾਸੇ ਆ ਸਕੇ। ਇਸ ਲਈ ਆਪਣੀ ਆਵਾਜ਼ ਮੁਤਾਬਕ 'ਸਾ' ਰੱਖਿਆ ਜਾਣਾ ਚਾਹੀਦਾ ਹੈ ਜਿਸ ਨੂੰ ਕਿ ਮੱਧ ਸਪਤਕ ਦਾ 'ਸਾ' ਆਖਦੇ ਹਨ। ਸਾਡੇ ਖਿਆਲ ਮੁਤਾਬਕ ਲੜਕਿਆਂ ਜਾਂ ਮਰਦਾਂ ਨੂੰ ਉੱਪਰ ਵਾਲਾ 'ਸੁਰ' ਜਿਸ ਨੂੰ ਪਹਿਲਾਂ ਕਾਲਾ ਸੁਰ ਵੀ ਕਹਿੰਦੇ ਹਨ, 'ਸਾ' ਮੰਨਣਾ ਚਾਹੀਦਾ ਹੈ। ਸਿੱਖਣ ਵਾਲੀਆਂ ਲੜਕੀਆਂ ਜਾਂ ਔਰਤਾਂ ਨੂੰ ਉੱਪਰਲੇ ਸੁਰ ਦਾ ਚੌਥਾ ਜਾਂ ਪੰਜਵਾਂ ਕਾਲਾ ਸੁਰ 'ਸਾ' ਰੱਖਣਾ ਚਾਹੀਦਾ ਹੈ। ਫੇਰ ਵੀ ਆਵਾਜ਼ ਨੂੰ ਦੇਖ ਲੈਣਾ ਚੰਗਾ ਹੁੰਦਾ ਹੈ ਕਿਉਂਕਿ ਕਈਆਂ ਦੀ ਆਵਾਜ਼ ਮੋਟੀ ਅਤੇ ਕਈਆਂ ਦੀ ਪਤਲੀ ਹੁੰਦੀ ਹੈ।

ਇਸ ਤਰ੍ਹਾਂ ਤੁਸੀਂ ਜਿਸ ਸੁਰ ਨੂੰ 'ਸਾ' ਮੰਨ ਲਿਆ ਉਸ ਹਿਸਾਬ ਨਾਲ 'ਸਾ' ਸੁਰ ਨੂੰ ਪਹਿਲਾਂ ਸੁਰ ਮੰਨ ਕੇ ਦੂਜੇ ਸੁਰ ਤੇ ਕੋਮਲ 'ਰੁ', ਤੀਜੇ ਸੁਰ ਤੇ ਸ਼ੁੱਧ 'ਰੇ' ਚੌਥੇ ਤੇ ਕੋਮਲ 'ਗੁ' ਪੰਜਵੇਂ ਤੇ ਸ਼ੁੱਧ 'ਗ' ਛੇਵੇਂ ਤੇ ਸ਼ੁੱਧ 'ਮ' ਸਤਵੇਂ ਤੇ ਤੀਵਰ 'ਮੇ' ਅੱਠਵੇਂ ਤੇ 'ਪ' ਨੌਵੇਂ ਤੇ ਕੋਮਲ 'ਧੁ' ਦਸਵੇਂ ਤੇ ਸ਼ੁੱਧ 'ਧ' ਗਿਆਰਵੇਂ ਤੇ ਕੋਮਲ 'ਨੀ' ਬਾਹਰਵੇਂ ਤੇ ਸ਼ੁੱਧ 'ਨੀ' ਅਤੇ ਤੇਹਰਵੇਂ ਸੁਰ ਤੇ ਫੇਰ 'ਸ' ਆਵੇਗਾ ਜੋ ਕਿ ਤਾਰ ਸਪਤਕ ਦਾ 'ਸਾ' ਸੁਰ ਹੋ ਜਾਵੇਗਾ।

# ਕਸੂਰਵਾਰ ਕੌਣ? ਕੀਰਤਨੀਏ, ਆਗੂ ਕਿ ਸੰਗਤ

ਸਤਨਾਮ ਸਿੰਘ ਕੋਮਲ : ਜਮਾਲਪੁਰ, ਅਰਬਨ ਇਸਟੇਟ-।, ਲੁਧਿਆਣਾ

ਗੁਰੂ ਬਾਬੇ ਨੇ ਬਾਣੀ ਰਾਗਾਂ ਵਿਚ ਲਿਖੀ ਏਸੇ ਕਰਕੇ ਹੈ ਕਿ ਇਸ ਦਾ ਕੀਰਤਨ ਰਾਗਾਂ ਵਿਚ ਹੋਵੇ ਅਤੇ ਗੁਰੂ ਦੇ ਦਾਨੇ ਸਿੱਖਾਂ ਨੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪਰਸਤੀ ਹੇਠ ਜੋ ਕੀਰਤਨ ਦੀ ਪ੍ਰੀਭਾਸ਼ਾ ਵੀ ਸਿੱਖ ਰਹਿਤ ਮਰਯਾਦਾ ਨਾਮੀ ਟ੍ਰੈਕਟ ਵਿਚ ਲਿਖੀ ਹੈ ਉਸ ਦੀ ਇਬਾਰਤ ਇੰਵ ਹੈ ਕਿ 'ਨਿਰਧਾਰਤ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਕੀਰਤਨ ਹੈ।' ਕੀ ਜੋ ਅਸੀਂ ਅਜੋਕੇ ਸਮੇਂ ਵਿਚ ਕੀਰਤਨ ਸੁਣ ਰਹੇ ਹਾਂ ਇਸ ਕਸਵੱਟੀ ਤੇ ਪੂਰਾ ਉਤਰਦਾ ਹੈ? ਜੇ ਨਹੀਂ ਤਾਂ ਕਿਉਂ? ਇਸ ਦੇ ਜ਼ਿੰਮੇਵਾਰ ਕੌਣ ਹਨ? ਕੀਰਤਨੀਏ, ਪ੍ਰਬੰਧਕ, ਆਗੂ ਜਾਂ ਸੰਗਤ? ਸਮਾਂ ਜਵਾਬ ਮੰਗਦਾ ਹੈ। ਜਿੰਨਾਂ ਚਿਰ ਕਿਸੇ ਸਵਾਲ ਦਾ ਜੁਆਬ ਨਹੀਂ ਮਿਲਦਾ ਸਵਾਲ ਖੜ੍ਹਾ ਰਹਿੰਦਾ ਹੈ।

ਰਾਗਾਂ ਦਾ ਦੁਰਲਭ ਖਜ਼ਾਨਾ ਹੈ, ਗੁਰੂ ਗ੍ਰੰਥ ਸਾਹਿਬ। ਇਸ ਵਿਚ ਉਹ ਵੀ ਰਾਗ ਹਨ ਜੋ ਭਾਰਤੀ ਸੰਗੀਤ ਵਿਚ ਨਹੀਂ ਮਿਲਦੇ। ਗੁਰੂ ਸਾਹਿਬਾਨ ਦੀ ਕਿੰਨੀ ਕਰੜੀ ਘਾਲਨਾ ਹੋਵੇਗੀ ਤੇ ਇਹ ਉਹ ਰਾਗ ਹਨ ਜਿਵੇਂ ਤੁਖਾਰੀ, ਸੋਰਠਿ, ਆਸਾ, ਸੂਹੀ, ਗਉੜੀ ਤੇ ਗੌਂਡ ਆਦਿ। ਇਹ ਹੀ ਨਹੀ ਸਗੋਂ ਗੁਰੂ ਸਾਹਿਬਾਨ ਨੇ ਵਿਸ਼ੇਸ਼ ਗਾਇਨ ਸ਼ੈਲੀਆਂ ਜਿਵੇਂ ਪੜਤਾਲ, ਅਲਾਹੁਣੀਆਂ, ਵਾਰ, ਸੋਲਹੇ, ਛੰਤ ਦੀ ਖੋਜ ਗੁਰਮਤਿ ਸੰਗੀਤ ਦੀ, ਭਾਰਤੀ ਸੰਗੀਤ ਨੂੰ ਵਿਲੱਖਣ ਤੇ ਨਵੇਕਲੀ ਪੱਧਤੀ ਦਾ ਦਰਜਾ ਰੱਖਦੀ ਹੈ। ਜੋ ਗੁਰੂ ਦੇ ਸਿੱਖਾਂ ਲਈ ਬੜੇ ਫਖਰ ਵਾਲੀ ਗੱਲ ਹੈ। ਅਸੀਂ ਜਿਨਾਂ ਵੀ ਆਪਣੇ ਗੁਰੂ ਸਾਹਿਬਾਨ ਤੇ ਮਾਣ ਕਰੀਏ ਥੋੜ੍ਹਾ ਹੈ।

ਗੁਰੂ ਸਾਹਿਬਾਨ ਨੇ ਜੋ ਬਾਣੀ ਉਚਾਰੀ ਹੈ, ਉਹ ਇਸ ਤਰ੍ਹਾਂ ਹੈ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ, ਗੁਰੂ ਅੰਗਦ ਦੇਵ ਜੀ ਨੇ 10 ਰਾਗਾਂ ਵਿਚ, ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ, ਗੁਰੂ ਰਾਮਦਾਸ ਜੀ ਨੇ 29 ਰਾਗਾਂ ਵਿਚ, ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿਚ ਅਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿਚ। ਰਾਗ ਬੱਧ ਕੀਰਤਨ ਦਾ ਗੁਰੂ ਕਾਲ ਵੇਲੇ ਤੋਂ ਉੱਚਾ ਮੁਕਾਮ ਰਿਹਾ ਹੈ, ਗੁਰੂ ਘਰ ਦੇ ਪਹਿਲੇ ਕੀਰਤਨੀਏ ਸਨ ਭਾਈ ਮਰਦਾਨਾ ਜਿਸਨੇ ਗੁਰੂ ਜੀ ਦਾ ਸਾਥ 58 ਸਾਲ ਤੱਕ ਨਿਭਾਇਆ। ਜਦ ਗੁਰੂ ਬੋਲਦਾ ਸੀ 'ਮਰਦਾਨਿਆਂ ਰਬਾਬ ਛੇੜ, ਬਾਣੀ ਆਈ ਹੈ' ਬਾਣੀ ਆਉਂਦੀ ਹੈ ਰਾਗਾਂ ਵਿਚ ਆ ਕੇ ਰੂਹਾਂ ਨੂੰ ਸਰਸ਼ਾਰੀ ਬਖਸ਼ਦੀ ਹੈ। ਉਸ ਤੋਂ ਬਾਅਦ ਭਾਈ ਜੀ ਦੇ ਸਪੁੱਤਰਾਂ ਨੇ ਇਹ ਸੇਵਾ ਨਿਭਾਈ ਜਿਨ੍ਹਾਂ ਦੇ ਨਾਮ ਭਾਈ ਸ਼ਹਿਜਾਦਾ ਸੀ ਤੇ ਰਜਾਦਾ ਸੀ। ਫਿਰ ਭਾਈ ਰਜਾਦਾ ਦੇ ਸਪੁੱਤਰ ਭਾਈ ਸਾਦੂ ਜੀ ਤੇ ਮਾਧੂ ਜੀ ਸੇਵਾ ਕਰਦੇ ਰਹੇ। ਗੁਰੂ ਅਮਰਦਾਸ ਜੀ ਦੇ ਵੇਲੇ ਭਾਈ ਪਾਂਧਾ ਤੇ ਭਾਈ ਬਾਲੂ ਨੇ ਸੇਵਾ ਕੀਤੀ, ਗੁਰੂ ਅਰਜਨ ਦੇਵ ਜੀ ਵੇਲੇ ਸੱਤਾ ਤੇ ਬਲਵੰਡ ਗੁਰੂ ਘਰ ਦੇ ਰਬਾਬੀ ਰਹੇ ਹਨ ਜਿਨ੍ਹਾਂ ਨੇ ਗੁਰੂ ਘਰ ਕੀਰਤਨ ਦੀ ਸੇਵਾ ਕੀਤੀ ਹੈ। ਜਦੋਂ ਪੰਚਮ ਪਾਤਸ਼ਾਹ ਨੇ ਸੰਗੀਤ ਦੀ ਦਾਤ ਨੂੰ ਸਿੱਖਾਂ ਦੀ ਝੋਲੀ ਪਾਇਆ ਤਾਂ ਕੀਰਤਨੀਆਂ ਦੀਆਂ ਦੋ ਸ਼੍ਰੇਣੀਆਂ ਹੋ ਗਈਆਂ ਰਬਾਬੀ ਤੇ ਰਾਗੀ। ਗੁਰੂ ਕਾਲ ਤੋਂ ਬਾਅਦ ਵੀ ਦੋਵਾਂ ਧਿਰਾਂ ਨੇ ਕੀਰਤਨ ਦੀਆਂ ਰਵਾਇਤਾਂ ਨੂੰ ਕਾਇਮ ਰੱਖਿਆ। ਦਰਬਾਰ ਸਾਹਿਬ ਵਿਚ 15 ਚੌਕੀਆਂ ਦੀ ਕੀਰਤਨ ਦੀ ਮਰਿਆਦਾ ਚਲੀ ਆਉਂਦੀ ਹੈ ਜਿਸ ਵਿਚ 8 ਰਾਗੀ ਨਿਭਾਂਦੇ ਤੇ ਰਬਾਬੀ 7 ਨਿਭਾਂਦੇ ਸਨ। ਇਹ ਰਵਾਇਤ ਪਾਕਿਸਤਾਨ ਬਣਨ ਤੇ ਟੁੱਟ ਗਈ। ਰਬਾਬੀ ਓਧਰ ਚਲੇ ਗਏ। ਉਸ ਤੋਂ ਬਾਅਦ ਇਹ ਰਾਗ ਬੱਧ ਕੀਰਤਨ ਕਰੀਬ 20-25 ਸਾਲ ਤੱਕ ਹੁੰਦਾ ਰਿਹਾ ਪਰ ਅੱਜ ਇਹ ਕੀਰਤਨ ਅਲੋਪ ਹੋ ਰਿਹਾ ਹੈ। ਹੁਣ ਤਾਂ ਕੁਝ ਚੋਣਵੇਂ ਜੱਥਿਆਂ ਨੂੰ ਛੱਡਕੇ ਬਾਕੀ ਤਾਂ ਲੋਕ ਧੁਨਾਂ ਅਤੇ ਫਿਲਮੀ ਤਰਜਾਂ ਤੇ ਅਧਾਰਤ ਹੋ ਰਿਹਾ ਹੈ ਜੋ ਬਹੁਤ ਚਿੰਤਾ ਵਾਲ਼ੀ ਗੱਲ ਹੈ ਜਿਸ ਵੱਲ ਕਿਸੇ ਆਗੂ ਜਾਂ ਪ੍ਰਬੰਧਕ ਦਾ ਧਿਆਨ ਨਹੀਂ ਜਾਂਦਾ। ਗੁਰੂ ਘਰ ਦਾ ਕੀਰਤਨ ਅਮੀਰ ਵਿਰਸੇ ਤੋਂ ਦੂਰ ਲੈ ਜਾ ਰਿਹਾ ਹੈ। ਜਦ ਤੱਕ ਅਸੀਂ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਕੇ, ਭਓ ਤੇ ਸ਼ਰਧਾ ਨਾਲ ਕੀਰਤਨ ਨਹੀ ਕਰਦੇ ਤਾਂ ਉਹ ਸੁਣਨ ਵਾਲਿਆਂ ਨੂੰ ਗੁਰੂ ਸ਼ਬਦ ਨਾਲ ਨਹੀਂ ਜੋੜ ਸਕਦਾ। ਬਾਣੀ ਤਾਂ ਰਾਗਾਂ ਵਿਚ ਗੁਰੂ ਸਾਹਿਬਾਨ ਨੇ ਰਚੀ ਹੈ ਤਾਂ ਅੱਜ ਕੱਲ ਦੇ ਕੁਝ ਅਰਾਗੀਆਂ ਨੇ ਸਾਨੂੰ ਗੁਰਬਾਣੀ ਆਪਣੀਆਂ ਧੁਨਾਂ ਤੇ ਸੁਣਾਣੀ ਹੈ ਤਾਂ ਉਹ ਭੁਲੇਖੇ ਵਿਚ ਹਨ ਕਿ ਗੁਰਬਾਣੀ ਤੁਹਾਡੀਆਂ ਧੁਨਾਂ ਦੀ ਮੁਹਤਾਜ ਹੈ, ਜੋ ਇੰਵ ਕਰਦੇ ਹਨ ਗੁਰੂ ਘਰ ਦੇ ਦੋਸ਼ੀ ਹਨ। ਰਹਾਉ

ਦੀਆਂ ਤੁਕਾਂ ਸ਼ਬਦ ਦਾ ਧੁਰਾ ਹਨ ਜਿਸ ਦੁਆਲੇ ਪੂਰੇ ਸ਼ਬਦ ਦਾ ਭਾਵ ਅੰਕਿਤ ਹੈ। ਪਰ ਰਾਗੀ ਉਹ ਤੁਕ ਫੜਨਗੇ ਜੋ ਉਹਨਾਂ ਦੀ ਨੁਕਤਾ ਨਿਗਾਹ ਤੋਂ ਲਾਹੇਵੰਦੀ ਹੁੰਦੀ ਹੈ। ਆਮ ਸਰੋਤੇ ਨੂੰ ਤਾਂ ਇਹ ਮੁਤਾਸਿਰ ਕਰ ਸਕਦੀ ਹੈ ਪਰ ਨਾਮ ਰਸੀਆਂ ਨੂੰ ਨਹੀਂ। ਜਿਵੇਂ ਕਿ ਇਕ ਸ਼ਬਦ ਵਿਚਲੀ ਤੁਕ ਇਸ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। 'ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ।' ਏਥੇ ਹੀ ਬਸ ਨਹੀ ਜੇਹੜੀ ਤੁਕ ਉਹਨਾਂ ਦੇ ਕੰਪੋਜ਼ਿੰਗ ਮੁਤਾਬਕ ਨਹੀਂ ਆਉਂਦੀ ਉਸ ਵਿਚ ਕਈ ਸ਼ਬਦ ਦੋ ਦੋ ਵਾਰ ਕਹਿ ਲਏ ਜਾਂਦੇ ਹਨ। ਜਿਹਨਾਂ ਦਾ ਪਤਾ ਆਮ ਸਰੋਤੇ ਨੂੰ ਨਹੀ ਲੱਗਦਾ ਪਰ ਜਾਣਕਾਰ ਨੂੰ ਦੁੱਖ ਲੱਗਦਾ ਹੈ। ਇਸ ਵਿਚ ਖਾਸ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਆਮ ਗੁਰਦੁਆਰਾ ਕਮੇਟੀਆਂ ਜਾਗਰੂਕ ਹੋਣ ਤਾਂ ਕੀਰਤਨ ਦੀਆਂ ਪੁਰਾਤਨ ਰਵਾਇਤਾਂ ਨੂੰ ਵਾਪਿਸ ਲਿਆਂਦਾ ਜਾ ਸਕਦਾ ਹੈ। ਇਹ ਕਦਮ ਕੋਈ ਔਖਾ ਨਹੀ। ਗੁਰੂ ਦੇ ਇਹ ਬੋਲ 'ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ।' ਗੁਰੂ ਮਿਹਰ ਕਰੇ ਕਿ ਕੀਰਤਨੀਆਂ ਗੁਰੂ ਨਾਲ ਜੁੜਕੇ ਕੀਰਤਨ ਕਰੇ ਤੇ ਗੁਰੂ ਸ਼ਬਦ ਨਾਲ ਸੰਗਤ ਵੀ ਜੁੜੇ ਕਿਉਂਕਿ ਇਹ ਸ਼ਬਦ ਬਹੁਤ ਜ਼ਰੂਰੀ ਹੈ ਕਿਉਂਕਿ ਸਾਡਾ ਗੁਰੂ ਸ਼ਬਦ ਹੈ। ਸ਼ਬਦ ਨਾਲ ਜੁੜਿਆਂ ਹੀ ਸਿੱਖ ਦਾ ਬਾਣਾ ਰਹੇਗਾ, ਸਿੱਖ ਕੋਲ ਬਾਣੀ ਰਹੇਗੀ ਗੁਰੂ ਦੀ ਬਾਣੀ ਜੀਵਨ ਜਾਚ ਹੈ। ਹਰ ਮੁਸੀਬਤ ਦਾ ਹੱਲ ਹੈ। ਡਿੱਗੇ ਮਨੁੱਖ ਨੂੰ ਖੜਾ ਕਰਦੀ ਹੈ। ਸਾਡਾ ਅਵੇਸਲਾਪਨ ਹੀ ਨਵੀਆਂ ਨਵੀਆਂ ਸੰਪਰਦਾਵਾਂ ਖੜੀਆਂ ਕਰਦਾ ਹੈ। ਜਿਸ ਦਾ ਨੁਕਸਾਨ ਸਿੱਖ ਕੌਮ ਬਹੁਤ ਉਠਾ ਰਹੀ ਹੈ। ਇਹ ਸਭ ਕੁਝ ਗੁਰੂ ਦੇ ਸ਼ਬਦ ਨਾਲ ਨਾ ਜੁੜਨ ਕਰਕੇ ਹੀ ਹੈ ਕਿਉਂਕਿ ਅਸੀਂ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਨਹੀਂ। ਪਾਤਸ਼ਾਹ ਮਿਹਰ ਕਰੇ ਸੁਚੇਤ ਹੋਈਏ। ਅੱਜ ਅਸੀਂ ਦਰਬਾਰ ਸਾਹਿਬ ਤੋਂ ਈ.ਟੀ.ਸੀ. ਰਾਹੀਂ ਕੀਰਤਨ ਸਰਵਣ ਕਰਦੇ ਹਾਂ। ਜਦ ਰਾਗੀ ਸਿੰਘ ਆਪਣੀ ਵਾਰੀ ਬਦਲਦੇ ਹਨ ਤਾਂ ਪਹਿਲਾਂ ਸ਼ਬਦ ਹੀ ਰਾਗ ਵਿਚ ਪੜ੍ਹਦੇ ਹਨ ਜੋ ਰੂਹ ਨੂੰ ਸਰਸ਼ਾਰੀ ਬਖਸ਼ਦਾ ਹੈ ਬਾਕੀ ਤਾਂ ਲੋਕ ਧੁਨਾਂ, ਫਿਲਮੀ ਤਰਜਾਂ ਜਾਂ ਆਪਣੀ ਕੰਪੋਜ਼ਿੰਗ ਅਨੁਸਾਰ ਹੀ ਪੜ੍ਹਦੇ ਜਾਂਦੇ ਹਨ। ਸਿਰਫ ਕੁਝ ਕੁ ਜੱਥਿਆਂ ਨੂੰ ਛੱਡ ਕੇ ਬਾਕੀ ਇਸ ਇਤਰਾਜ਼ ਹੇਠ ਆਉਂਦੇ ਹਨ। ਇਹ ਸਭ ਏਸ ਲਈ ਹੈ ਕਿ ਰੀਕਾਰਡਿੰਗ ਕੰਪਨੀਆਂ ਸੋਖਿਆਂ ਹੀ ਜਗਰਾਤਿਆਂ ਜਾਂ ਫਿਲਮੀ ਤਰਜਾਂ ਅਧਾਰਤ ਧੁਨਾਂ ਨੂੰ ਹੀ ਪ੍ਰਵਾਨਦੀਆਂ ਹਨ। ਸੋ ਰਾਗੀ ਜੱਥਿਆਂ ਦੇ ਚੁਣੇ ਹੋਏ ਸ਼ਬਦ ਹਨ ਜੋ ਉਹਨਾਂ ਨੇ ਰੀਕਾਰਡ ਕਰਵਾਏ ਹਨ। ਬਜ਼ਾਰ ਵਿਚ ਟੇਪਾਂ ਤੇ ਚਲ ਰਹੇ ਹਨ ਉਹਨਾਂ ਦਾ ਹੀ ਗਾਇਨ ਕਰਦੇ ਹਨ। ਇਸ ਤੋਂ ਵਧੀਆ, ਆਸਾਨ ਤੇ ਲਾਭਕਾਰੀ ਗੱਲ ਕੀ ਹੋ ਸਕਦੀ ਹੈ। ਕੰਪਨੀਆਂ ਵਪਾਰਕ ਨੁਕਤਾ ਨਿਗਾਹ ਨਾਲ ਉਹਨਾਂ ਰਾਗੀਆਂ ਨੂੰ ਅਹਿਮੀਅਤ ਦੇਂਦੀ ਹੈ। ਮੇਰਾ ਵਿਚਾਰ ਹੈ ਜਿਸ ਤਰ੍ਹਾਂ ਸਰਕਾਰੀ ਕਰਮਚਾਰੀ ਬਾਹਰ ਕੋਈ ਵਿਉਪਾਰ ਨਹੀਂ ਕਰ ਸਕਦਾ ਸਰਕਾਰੀ ਡਾਕਟਰ ਆਪਣੀ ਪ੍ਰਾਈਵੇਟ ਪ੍ਰੈਕਟਿਸ ਨਹੀਂ ਕਰ ਸਕਦਾ ਆਪਾਂ ਨੂੰ ਵੀ ਏਦਾਂ ਹੀ ਕਰਨਾ ਚਾਹੀਦਾ ਹੈ ਕਿ ਜੋ ਹਜ਼ੂਰੀ ਰਾਗੀ ਹੈ ਉਹ ਰੀਕਾਰਡਿੰਗ ਕੰਪਨੀਆਂ ਤੋਂ ਦੂਰ ਰੱਖੇ ਜਾਣ। ਇਸ ਦਾ ਮਾੜਾ ਅਸਰ ਆਮ ਰਾਗੀਆਂ ਤੇ ਪੈ ਰਿਹਾ ਹੈ ਜੋ ਕੀਰਤਨ ਦੀ ਧੁਨ ਦਰਬਾਰ ਸਾਹਿਬ ਤੋਂ ਆ ਰਹੀ ਹੈ ਉਹ ਹੀ ਗੁਰਦੁਆਰਿਆਂ ਵਿਚ ਆਮ ਰਾਗੀ ਵੀ ਗਾ ਰਹੇ ਹਨ।

ਅਸੀਂ ਚੈਨਲ ਤੇ ਜੋ ਛੇ ਘੰਟੇ ਦਾ ਪ੍ਰੋਗਰਾਮ ਦੇਂਦੇ ਹਾਂ ਕੀ ਅਸੀਂ ਗੁਰਮਤਿ ਅਨੁਸਾਰ ਨਹੀਂ ਚਲਾ ਸਕਦੇ? ਸਾਡੀ ਕੀ ਮਜ਼ਬੂਰੀ ਹੋ ਸਕਦੀ ਹੈ? ਜੇ ਅਸੀ ਕੌਮ ਦਾ ਸਰਮਾਇਆ, ਕੌਮ ਲਈ ਖਰਚ ਕਰ ਰਹੇ ਹਾਂ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਾਂ। ਕੀ ਅਸੀਂ ਕੀਰਤਨ ਸੰਬੰਧੀ ਨੇਮ ਨਹੀਂ ਬਣਾ ਸਕਦੇ? ਦੁਨੀਆਂ ਦੀ ਇਕੋ ਇਕ ਕੌਮ ਹੈ, ਸਿੱਖ ਕੌਮ ਜੋ ਛੇ ਘੰਟੇ ਦਾ ਕੀਰਤਨ ਦੁਨੀਆਂ ਭਰ ਨੂੰ ਸੁਣਾ ਰਹੀ ਹੈ ਤੇ ਇਸ ਦਾ ਲਾਭ ਮਿਲਣਾ ਚਾਹੀਦਾ ਹੈ। ਬਾਕੀ ਚੈਨਲਾਂ ਤੇ ਸਿਰਫ 30 ਮਿੰਟ ਤੱਕ ਦੇ ਪ੍ਰੋਗਰਾਮ ਮੁਨੀਆਂ ਦੇ, ਬਾਬਿਆਂ ਦੇ, ਬਾਪੂਆਂ ਦੇ ਤੇ ਈਸਾਈ ਮਿਸ਼ਨਰੀਆਂ ਦੇ ਆ ਰਹੇ ਹਨ। ਕੀ ਸਾਡੇ ਕੋਲ ਵਿਦਵਾਨ ਨਹੀਂ ਹਨ? ਪ੍ਰਭੂ ਨਾਲ ਜੁੜੀਆਂ ਆਤਮਾਵਾਂ ਹੋਣਗੀਆਂ ਜਿਨ੍ਹਾਂ ਦੇ ਬੋਲਾਂ ਵਿਚ ਤਾਕਤ ਹੈ ਤੇ ਉਹ ਗੁਰੂ ਨਾਲ ਜੋੜਨਗੀਆਂ। ਸਾਡੇ ਪ੍ਰਵਾਰਿਕ ਰਿਸ਼ਤਿਆਂ ਨਾਲ ਅਸੀਂ ਬਿਨਾਂ ਤਰੱਦਦ ਜੁੜੇ ਹਾਂ ਪਰ ਇਕ ਪ੍ਰਭੂ ਨਾਲ ਰਿਸ਼ਤਾ ਜੋੜਨ ਵਾਸਤੇ ਸਾਨੂੰ ਕੀਰਤਨ ਦੀ ਲੋੜ ਹੈ, ਕਥਾ ਦੀ ਲੋੜ ਹੈ। ਅਜੋਕਾ ਮਨੁੱਖ ਸ਼ਰਧਾ ਤਾਂ ਰੱਖਦਾ ਹੈ ਪਰ ਓਪਰੀ। ਸਿੱਖ ਗੁਰਦੁਆਰੇ ਤਾਂ ਜਾਂਦਾ ਹੈ, ਸਿਰ ਤਾਂ ਗੁਰੂ ਅੱਗੇ ਝੁਕਾਂਦਾ ਹੈ ਪਰ ਦਿਲੋਂ ਨਹੀਂ ਝੁਕਦਾ, ਗੁਰੂ ਦੇ ਬੋਲਾਂ ਨੂੰ ਨਹੀਂ ਸੁਣਦਾ। ਗੁਰੂ ਦੇ ਬੋਲਾਂ ਨਾਲ ਜੁੜੀਏ ਤਾਂ ਹੀ ਜੀਵਨ ਸਫਲ ਹੈ।

ਰੈਣ ਸਬਾਈ ਕੀਰਤਨ ਤਾਂ ਸੁਣਿਆ ਸੀ ਪਰ 'ਕੀਰਤਨ ਦਰਬਾਰ' ਲਫਜ਼ 20ਕੁ ਸਾਲਾਂ ਤੋਂ ਪ੍ਰਚਲਤ ਹੋਇਆ। ਦਰਬਾਰ ਕਿਸ ਦਾ? 'ਕੀਰਤਨ ਦਰਬਾਰ' ਦਾ ਕੋਈ ਅਰਥ ਨਹੀ ਬਣਦਾ। ਚਾਹੀਦਾ ਤਾਂ ਇੰਝ ਸੀ ਕਿ ਗੁਰੂ ਦਰਬਾਰ

ਵਿਚ ਹਰੀ ਦਾ ਕੀਰਤਨ। ਰਾਗੀ ਸੱਦੇ ਜਾਂਦੇ ਹਨ ਉਹ ਆਪਣੀ ਬਣਦੀ ਜਾਂ ਤਹਿ ਕੀਤੀ ਮਾਇਆ ਲੈ ਜਾਂਦੇ ਹਨ। ਪ੍ਰਬੰਧਕਾਂ ਨੂੰ ਜੋ ਮਾਇਆ ਇਕੱਠੀ ਹੋਈ ਹੁੰਦੀ ਹੈ ਉਸ ਦਾ ਹਿਸਾਬ ਕਿਤਾਬ ਲਾ ਲੈਂਦੇ ਹਨ ਕਿ ਕੁਝ ਬਚਤ ਹੋਈ ਹੈ ਕਿ ਨਹੀਂ। ਵਿਉਪਾਰ ਗੁਰੂ ਘਰ ਵਿਚ ਨਹੀਂ ਹੋਣਾ ਚਾਹੀਦਾ। ਲੰਗਰ ਚੱਲਦੇ ਨੇ, ਜਿਨ੍ਹਾਂ ਦਾ ਆਮ ਖਰਚ 2 ਲੱਖ ਦੇ ਲਗਭਗ ਹੁੰਦਾ ਹੈ। ਸੰਗਤ ਏਨੀ ਕੀਰਤਨ ਵਿਚ ਨਹੀਂ ਜੁੜਦੀ ਜਿੰਨੀ ਲੰਗਰ ਵਿਚ ਜੁੜਦੀ ਹੈ। ਜਦੋਂ ਪ੍ਰਬੰਧਕ ਬੇਨਤੀਆਂ ਕਰਦੇ ਨੇ ਗੁਰੂ ਵਾਲੇ ਬਣੋ ਅੰਮ੍ਰਿਤਪਾਨ ਕਰੋ ਤਾਂ ਕੇਵਲ 10ਕੁ ਸਿੰਘ ਸਿੰਘਣੀਆਂ ਨਿਤਰਦੇ ਹਨ। ਤਿੰਨ ਲੱਖ ਦਾ 'ਕੀਰਤਨ ਦਰਬਾਰ' ਕਰਾ ਕੇ ਜੇ ਅਸੀਂ 10 ਅੰਮ੍ਰਿਤਧਾਰੀ ਪੈਦਾ ਕੀਤੇ ਇਹ ਕਿਥੋਂ ਤੀਕ ਸਾਰਥਿਕ ਹੈ। ਰੱਬੀ ਰਸ ਮਾਨਣ ਦੀ ਅਭਿਲਾਸ਼ਾ ਜ਼ਿਆਦਾ ਹੋਣੀ ਚਾਹੀਦੀ ਹੈ ਲੰਗਰ ਦੀ ਘੱਟ। ਸੰਗਤ ਨਾਮੀ ਕੀਰਤਨੀਆਂ ਦੀਆਂ ਆਵਾਜ਼ਾਂ ਅਤੇ ਉਹਨਾਂ ਦੇ ਟੀ.ਵੀ. ਦਰਸ਼ਨਾਂ ਕਰਕੇ ਪ੍ਰਭਾਵਿਤ ਹੁੰਦੀ ਹੈ ਗੁਰੂ ਸ਼ਬਦ ਨਾਲ ਜੁੜਨ ਦੀ ਘੱਟ। ਕੁਝ ਇਕ ਰਾਗੀਆਂ ਦੇ ਗੀਤ ਤੇ ਜਗਰਾਤਿਆਂ ਦੀਆਂ ਭੇਟਾਂ ਵਿਚ ਬਹੁਤਾ ਅੰਤਰ ਨਹੀਂ। ਇਹ ਸੱਚ ਹੈ ਤੇ ਇਹੋ ਜਿਹੇ ਰਾਗੀਆਂ ਨੂੰ ਘੇਰਿਆ ਜਾਣਾ ਚਾਹੀਦਾ ਹੈ। ਕਈ ਰਾਗੀਆਂ ਦੇ ਚਿਹਰਿਆਂ ਦੇ ਹਾਵ ਭਾਵ ਵੀ ਇਹੋ ਹੀ ਦੱਸਦੇ ਹਨ ਕਿ ਉਹ ਗੁਰੂ ਬਾਣੀ ਨਾਲ ਜੁੜਕੇ ਕੀਰਤਨ ਨਹੀਂ ਕਰ ਰਹੇ। ਜਦ ਤਕ ਤੁਹਾਡੇ ਅੰਦਰ ਸ਼ਰਧਾ ਦੀ ਵੱਟੀ ਤੇ ਭਉ ਦਾ ਤੇਲ ਨਹੀਂ ਤਾਂ ਤੁਹਾਡੇ ਮਨ ਦਾ ਦੀਵਾ ਨਹੀ ਜਗ ਸਕਦਾ, ਦੀਵਾ ਨਹੀ ਜਗੇਗਾ ਤਾਂ ਉਸਦੀ ਲੋਅ ਹੋਰਨਾਂ ਜੋਗੀ ਤਾਂ ਕੀਹ ਤੁਹਾਡੇ ਜੋਗੀ ਵੀ ਨਹੀ ਹੋਵੇਗੀ। ਤੁਹਾਡੀ ਸ਼ਰਧਾ ਤੇ ਭਉ ਨਾਲ ਪੜ੍ਹੀ ਹੋਈ ਬਾਣੀ ਹੀ ਗੁਰੂ ਸ਼ਬਦ ਨਾਲ ਸੰਗਤਾਂ ਨੂੰ ਜੋੜੇਗੀ। ਸੰਗਤਾਂ ਗੁਰਬਾਣੀ ਰਸ ਨਾਲ ਅਨੰਦਿਤ ਹੋਣਗੀਆਂ। ਗੁਰੂ ਮਿਹਰ ਕਰੇ ਇਵ ਹੋਵੇ ਕਿਉਂਕਿ ਬਾਣੀ ਖਸਮ ਦੀ ਹੈ, ਸਾਰਿਆਂ ਲਈ ਹੈ, ਸਾਰੇ ਹੀ ਜੁੜਕੇ ਮਨਾਂ ਦੀ ਸ਼ਾਂਤੀ, ਸਹਿਜ, ਪ੍ਰਭੂ ਦੇ ਗੁਝੇ ਭੇਤ ਪਾਈਏ, ਰਹਿਮਤ ਦੇ ਪਾਤਰ ਬਣੀਏ, ਸਾਨੂੰ ਸੋਝੀ ਆਵੇ ਅਸੀਂ ਕੀ ਹਾਂ, ਸਾਡੇ ਗੁਰੂ ਪ੍ਰਤੀ ਕੀ ਫਰਜ਼ ਹਨ। ਅਸੀਂ ਸੰਸਾਰ ਨਾਲ ਕਿੰਨਾ ਕੁ ਸੰਬੰਧ ਰੱਖਣਾ ਹੈ। ਨਿਰੰਕਾਰ ਪ੍ਰਤੀ ਸਾਡੇ ਵਿਚ ਕਿੰਨੀ ਕੁ ਸੁਹਿਰਦਤਾ ਹੈ, ਮਿਲਣ ਦਾ ਕਿੰਨਾ ਕੁ ਅਹਿਸਾਸ ਹੈ, ਚੰਗੇ ਮਨੁੱਖ ਬਣਨ ਲਈ ਕਿੰਨੀ ਕੁ ਤੜਪ ਹੈ। ਆਓ ਸੋਚੀਏ, ਸੋਚਣ ਤੇ ਮਜ਼ਬੂਰ ਕਰੀਏ!

*(ਧੰਨਵਾਦ ਸਹਿਤ : ਸਾਡਾ ਵਿਰਸਾ ਸਾਡਾ ਗੌਰਵ)*

# ਕੀਰਤਨ ਦੀ ਐਲਬਮ 'ਸ਼ਾਂਤੀ' ਨੂੰ ਗਰੈਮੀ ਐਵਾਰਡ ਮਿਲਣ ਦੀ ਨਾਮਜ਼ਦਗੀ

'ਸਾਡਾ ਵਿਰਸਾ ਸਾਡਾ ਗੌਰਵ' ਮਾਸਿਕ ਪੱਤ੍ਰਿਕਾ 'ਚੋਂ ਧੰਨਵਾਦ ਸਹਿਤ

ਸਿੰਘ ਸਾਹਿਬ ਭਾਈ ਹਰਭਜਨ ਸਿੰਘ ਖਾਲਸਾ ਯੋਗੀ ਜੀ ਵੱਲੋਂ ਕੀਤੇ ਉਦਮਾਂ ਦਾ ਫਲ ਇਹ ਹੋਇਆ ਕਿ ਅਮਰੀਕਾ ਦੇ ਪੁਰਸ਼ਾਂ-ਇਸਤਰੀਆਂ ਨੇ ਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਨਾਲ ਪ੍ਰੇਮ ਸਬੰਧ ਜੋੜ ਲਿਆ। ਸਫੈਦ, ਦੂਧੀਆ ਤੇ ਚਿੱਟੀਆਂ ਪੁਸ਼ਾਕਾਂ ਵਿਚ ਅਮਰੀਕਨ ਸਿੰਘ ਸਿੰਘਣੀਆਂ ਨੂੰ ਹੁਣ ਸਾਰੇ ਹੀ ਸਿੱਖ ਸਮਾਜ ਨੇ ਦੇਖ ਲਿਆ ਹੈ। ਡਾਕਟਰ, ਇੰਜਨੀਅਰ, ਅਧਿਆਪਕ, ਵਿਗਿਆਨੀ, ਵਪਾਰੀ, ਸੁਰੱਖਿਆ ਤੇ ਬੈਂਕ/ਬੀਮਾ ਕਰਮਚਾਰੀ ਅਤੇ ਹੋਰ ਨਾਗਰਿਕ ਸ਼ਾਮਲ ਹਨ, ਇਨ੍ਹਾਂ ਅਮਰੀਕਨ ਸਜੇ ਸਿੰਘ ਸਿੰਘਣੀਆਂ ਵਿਚ।

ਅਮਰੀਕਾ ਦੇ ਕੋਲੋਰਾਡੋ ਵਿਚ, ਸਿੱਖ ਸਜੇ ਅਮਰੀਕਨ ਮਾਪਿਆਂ ਘਰ ਜਨਮੀ ਸਨਾਤਮ ਕੌਰ ਅੱਜ ਵਿਸ਼ਵ ਖਬਰਾਂ ਵਿਚ ਹੈ। 1979 ਵਿਚ ਟ੍ਰਾਂਸ ਐਟਲਾਂਟਕ ਉਡਾਣ ਰਾਹੀਂ ਸਨਾਤਮ, ਅੰਮ੍ਰਿਤਸਰ ਆਈ ਸੀ ਤੇ ਇਕ ਮਹੀਨਾ ਇਥੇ ਰਹਿੰਦਿਆਂ ਹਰਿਮੰਦਰ ਸਾਹਿਬ ਵਿਖੇ ਕੀਰਤਨ ਸ੍ਰਵਣ ਕਰਦੀ ਰਹੀ ਸੀ। ਭਾਈ ਹਰੀ ਸਿੰਘ ਜੀ ਹਜ਼ੂਰੀ ਰਾਗੀ ਜੱਥੇ ਨਾਲ ਸੰਪਰਕ ਵਿਚ ਆਈ ਜਿਨ੍ਹਾਂ ਤੋਂ ਉਸ ਦੀ ਮਾਂ ਪ੍ਰਭਨਾਮ ਕੌਰ ਕੀਰਤਨ ਸਿੱਖਿਆ ਕਰਦੀ ਸੀ।

1990 ਵਿਚ ਸਨਾਤਮ ਕੌਰ ਭਾਰਤ ਵਾਪਸ ਆਈ ਤਾਂ ਕਿ ਮੀਰੀ-ਪੀਰੀ ਅਕੈਡਮੀ, ਅੰਮ੍ਰਿਤਸਰ ਦੇ ਅਮਰੀਕਨ ਵਿਦਿਆਰਥੀਆਂ ਨੂੰ ਸੰਗੀਤ ਅਤੇ ਕੀਰਤਨ ਸਿਖਾ ਸਕੇ। ਡੇਹਰਾਦੂਨ ਵਿਚ ਵੀ ਉਸ ਨੇ ਕੀਰਤਨ ਸਿਖਾਇਆ। ਯੋਗੀ ਹੁਰਾਂ ਦੀ ਸੁਪਤਨੀ ਡਾ. ਇੰਦਰਜੀਤ ਕੌਰ ਨਾਲ 1995 ਵਿਚ ਪੰਜਾਬ ਦਾ ਵਿਸਤ੍ਰਿਤ ਦੌਰਾ ਕਰਨ ਉਪਰੰਤ ਉਸ ਨੇ ਸਿੱਖ ਵਿਸ਼ਵਾਸ ਅਤੇ ਸਿਦਕ ਦੀ ਪੂਰੀ ਥਾਹ ਪਈ। ਸਨਾਤਮ ਦੱਸਦੀ ਹੈ ਕਿ 'ਪੰਜਾਬ ਦੀ ਸੁੰਦਰਤਾ ਅਤੇ ਪਿੰਡਾਂ ਵਿਚ ਲੋਕਾਂ ਦੇ ਹਿਰਦੇ ਅੰਦਰ ਵਸਦੇ ਗੁਰੂ ਪ੍ਰੇਮ ਤੋਂ ਸਦਕੇ ਪਈ ਜਾਂਦੀ ਸੀ।'

ਉਸ ਨੇ ਅੰਮ੍ਰਿਤਸਰ ਵਿਖੇ ਰਹਿ ਕੇ ਭਾਈ ਹਰੀ ਸਿੰਘ ਹੁਰਾਂ ਤੋਂ ਕੀਰਤਨ ਸਿੱਖਿਆ ਤੇ ਇਸ ਨੂੰ ਉਹ ਜੀਵਨ ਦਾ ਅਤੀ ਸਫਲ ਸਮਾਂ ਗਿਣਦੀ ਹੈ।

ਅਮਰੀਕਾ ਵਿਚ ਮਿਲਣ ਵਾਲੇ ਵਿਸ਼ਵ ਪ੍ਰਸਿੱਧ 'ਗਰੈਮੀ ਐਵਾਰਡ' ਲਈ ਸਨਾਤਮ ਦੀ ਐਲਬਮ 'ਸ਼ਾਂਤੀ' ਨੂੰ ਸੈਮੀਫਾਈਨਲ ਨਾਮਜ਼ਾਦਗੀ ਪ੍ਰਾਪਤ ਹੋਈ ਹੈ। 31 ਸਾਲਾ ਸਨਾਤਮ ਕੌਰ ਨੇ ਪਹਿਲੀ ਐਲਬਮ 'ਪ੍ਰੇਮ' ਤੋਂ ਬਾਅਦ 'ਸ਼ਾਂਤੀ' ਟਾਈਟਲ ਵਾਲੀ ਐਲਬਮ ਰਿਲੀਜ਼ ਕੀਤੀ ਹੈ। ਡਿਵੋਸ਼ਨਲ ਮਿਊਜ਼ਿਕ ਵਿਚ ਜੇਕਰ ਸਨਾਤਮ ਕੌਰ ਨੂੰ ਗਰੈਮੀ ਐਵਾਰਡ ਮਿਲ ਜਾਂਦਾ ਹੈ ਤਾਂ ਸੰਸਾਰ ਭਰ ਦੇ ਸਿੱਖਾਂ ਲਈ ਇਹ ਭਾਰੀ ਖੁਸ਼ੀ ਦਾ ਮੌਕਾ ਹੋਵੇਗਾ। ਸਨਾਤਮ ਕਹਿੰਦੀ ਹੈ ਕਿ ਸੰਗੀਤ ਹੀ ਸਰਹੱਦਾਂ ਤੋਂ ਪਾਰ ਦੇਖਣ ਦੀ ਸਮਰੱਥਾ ਦਿੰਦਾ ਹੈ ਤੇ ਆਨੰਤ ਬ੍ਰਹਿਮੰਡ ਵਿਚ ਝਾਕਣ ਦੀ। ਸੰਗੀਤ ਇਕ ਵਾਹਕ ਹੈ ਜੋ ਰੂਹ ਨੂੰ ਉਡਾਣ ਭਰਨ ਦੇਂਦਾ ਹੈ ਤਾਂ ਕਿ ਰੂਹ, ਆਵਾਜ਼ ਦੀ ਹਰਕਤ 'ਚੋਂ ਲੰਘ ਕੇ ਨਾਦ ਬਣ ਸਕੇ।

# ਚੜ੍ਹਦੀ ਕਲਾ

ਜਗਜੀਤ ਸਿੰਘ ਜਾਬੇਵਾਲ : 31/24, ਰਾਜਿੰਦਰ ਨਗਰ, ਨਵੀਂ ਦਿੱਲੀ

ਚੜ੍ਹਦੀ ਕਲਾ ਸਿੱਖੀ ਦਾ ਮਹਤੱਤਾ ਪੂਰਵਕ ਸ਼ਬਦ ਹੈ। ਜਿਸਨੂੰ ਸਾਹਿਤਕ ਖੇਤਰ ਵਿਚ ਆਸ਼ਾਵਾਦੀ ਭੀ ਕਿਹਾ ਜਾ ਸਕਦਾ ਹੈ। ਪਰ ਆਸ਼ਾਵਾਦੀ ਸ਼ਬਦ ਚੜ੍ਹਦੀ ਕਲਾ ਦਾ ਸੰਪੂਰਨ ਭਾਵ ਪ੍ਰਗਟ ਨਹੀਂ ਕਰ ਸਕਦਾ। ਚੜ੍ਹਦੀ ਕਲਾ ਇਕ ਸਿਧਾਂਤ ਹੈ। ਇਸ ਦੀ ਵਿਆਖਿਆ ਕਰਨ ਲੱਗਿਆਂ ਵਿਦਵਾਨਾਂ ਨੇ ਕੇਵਲ ਸ਼ਹੀਦੀਆਂ, ਮੁਸੀਬਤਾਂ ਤੇ ਕੁਰਬਾਨੀਆਂ ਦਾ ਜ਼ਿਕਰ ਕਰਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਹੀ ਚੜ੍ਹਦੀ ਕਲਾ ਹੈ। ਇਤਨੇ ਉੱਚੇ ਸਿਧਾਂਤ ਨੂੰ ਅੱਜ ਦੇ ਯੁਗ ਵਿਚ ਕਾਰਗਰ ਸਾਬਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਅਵਸਥਾ ਵਿਚ ਦ੍ਰਿੜਤਾ ਨਾਲ ਹੁਲਾਸ ਭਰੀ ਜਿੰਦਗੀ ਜੀਵੀ ਜਾਂਦੀ ਹੈ। ਅਨਲੋੜੀ ਚਿੰਤਾ ਤੇ ਝੋਰਿਆਂ ਦੀ ਇਸ ਵਿਚ ਕੋਈ ਜਗ੍ਹਾ ਨਹੀਂ। ਅਤੀਤ ਵਿਚ ਝੱਲੀਆਂ ਮੁਸੀਬਤਾਂ ਵੇਖੀਆਂ ਨਾਕਾਮਯਾਬੀਆਂ ਮਨ ਤੇ ਬੋਝ ਨਹੀਂ ਬਣਦੀਆਂ। ਇਸ ਦੇ ਉਲਟ ਵਰਤਮਾਨ ਨੂੰ ਨਰੋਏ, ਉਤਸਾਹਿਤ ਮਨਸੂਬਿਆਂ ਦੇ ਸਹਾਰੇ ਉਜੱਲ ਤੇ ਉਤਸ਼ਾਹ ਭਰਿਆ ਬਣਾਇਆ ਜਾਂਦਾ ਹੈ। ਚੜ੍ਹਦੀ ਕਲਾ ਵਿਚ ਰਹਿੰਦਾ ਮਨੁੱਖ ਹਰ ਅਕਿਹ ਤੇ ਅਸਿਹ ਮੁਸੀਬਤਾਂ ਨਾਲ ਝੂਝਦਾ ਹੈ। ਗਮ ਨੂੰ ਖੁਸ਼ੀ ਵਿਚ ਬਦਲਣ ਦੀ ਸ਼ਕਤੀ ਰੱਖਦਾ ਹੈ। ਮੁਸੀਬਤਾਂ ਤੋਂ ਡਰ ਕੇ ਮੈਦਾਨ ਨਹੀਂ ਛੱਡ ਜਾਂਦਾ ਬਲਕਿ ਉਨ੍ਹਾ ਨਾਲ ਖੇਡਦਾ ਹੈ। ਪਦਾਰਥਵਾਦੀ ਹੋਣਾ ਹਰ ਇਕ ਦਾ ਜਮਾਂਦਰੂ ਹੱਕ ਹੈ। ਗਰੀਬੀ ਲਈ ਕੋਸ਼ਿਸ਼ ਕਰਨ ਦੀ ਲੋੜ ਨਹੀਂ ਹੁੰਦੀ। ਕੋਸ਼ਿਸ਼ ਤਾਂ ਅਮੀਰ ਬਣਨ ਲਈ ਕਰਨੀ ਪੈਂਦੀ ਹੈ। ਜਿਸ ਨੂੰ ਗਰੀਬੀ ਨਾਲ ਪਿਆਰ ਹੈ ਉਹ ਅਮੀਰ ਨਹੀਂ ਬਣ ਸਕਦਾ। ਅਮੀਰੀ ਲਈ ਗਰੀਬੀ ਨਾਲ ਨਫਰਤ ਦਾ ਹੋਣਾ ਜ਼ਰੂਰੀ ਹੈ। ਨਿਰਾਸ਼ਤਾ ਦੀ ਇਸ ਵਿਚ ਕੋਈ ਜਗ੍ਹਾ ਨਹੀਂ। ਇਸ ਫਿਲਾਸਫੀ ਤੇ ਅਮਲ ਕਰਨ ਵਾਲਾ ਭੀੜ ਵਿਚ ਗੁਆਚ ਨਹੀ ਜਾਂਦਾ ਬਲਕਿ ਭੀੜ ਵਿਚ ਨਵੇਕਲਾ ਨਜ਼ਰ ਆਏਗਾ। ਜਮਾਨੇ ਦੀ ਦੌੜ ਵਿਚ ਸਭ ਤੋਂ ਅੱਗੇ ਦੋੜਦਾ ਨਜ਼ਰ ਆਏਗਾ। ਮੁਰਦਾ ਮਛੀ ਤਾਂ ਨਦੀ ਦੀ ਧਾਰ ਨਾਲ ਵੈਂਦੀ ਹੈ ਪਰ ਜਿੰਦਾ ਮੱਛੀ ਹੀ ਧਾਰ ਨੂੰ ਚੀਰ ਕੇ ਉਸ ਦੇ ਬਹਾਉ ਦੇ ਉਲਟ ਤੈਰਦੀ ਹੈ। ਇਹ ਹੀ ਫਰਕ ਹੈ ਜਿੰਦਾ ਦਿਲ ਤੇ ਮੁਰਦਾ ਦਿਲ ਇਨਸਾਨ ਵਿਚ। ਗੁਰਮਤਿ ਦੀ ਇਹ ਫਿਲਾਸਫੀ ਅੱਜ ਸਾਡੀ ਜਿੰਦਗੀ ਵਿਚ ਕਿਸ ਤਰ੍ਹਾਂ ਲਾਭਦਾਇਕ ਹੋ ਸਕਦੀ ਹੈ ਹੁਣ ਵਿਸਥਾਰ ਨਾਲ ਜ਼ਿਕਰ ਕਰਾਂਗੇ।

*ਵਿਦਿਆਰਥੀ - ਵਰਗ*

ਚੜ੍ਹਦੀ ਕਲਾ ਵਿਚ ਯਕੀਨ ਕਰਨ ਵਾਲਾ ਵਿਦਿਆਰਥੀ ਕੇਵਲ ਇਮਤਿਹਾਨ ਪਾਸ ਕਰਨ ਵਿਚ ਸੰਤੁਸ਼ਟ ਨਹੀਂ ਹੁੰਦਾ। ਉਸਦਾ ਨਿਸ਼ਾਨਾ ਕਲਾਸ ਵਿਚ ਅਵੱਲ ਪੋਜੀਸ਼ਨ ਤੇ ਆਉਣ ਦਾ ਹੁੰਦਾ ਹੈ। ਉਸ ਦੀ ਦੋਸਤੀ ਤੇ ਬੈਠਣਾ ਉਠਣਾ ਨਕੱਮੇ, ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀਆਂ ਨਾਲ ਨਹੀਂ ਹੁੰਦਾ। ਉਹ ਕਲਾਸ ਵਿਚ ਸਭ ਤੋਂ ਅਗਲੀ ਲਾਇਨ ਦੇ ਡੇਸਕਾਂ ਤੇ ਟੀਚਰ ਦੇ ਸਾਹਮਣੇ ਬੈਠੇਗਾ। ਟੀਚਰ ਦੀ ਹਰ ਗੱਲ ਬੜੇ ਧਿਆਨ ਨਾਲ ਸੁਣੇਗਾ। ਜਿਸ ਗੱਲ ਦੀ ਸਮਝ ਨਹੀਂ ਆਈ ਉਸ ਨੂੰ ਉਸੇ ਵੇਲੇ ਟੀਚਰ ਨੂੰ ਸਪਸ਼ਟ ਕਰਨ ਲਈ ਆਖੇਗਾ। ਜਿਸ ਚੈਪਟਰ ਨੂੰ ਟੀਚਰ ਨੇ ਹਾਲੀਂ ਪੜ੍ਹਾਉਣਾ ਹੁੰਦਾ ਹੈ ਉਹ ਉਸ ਚੈਪਟਰ ਨੂੰ ਘਰੋ ਤਿਆਰ ਕਰ ਤੇ ਚੰਗੀ ਤਰ੍ਹਾਂ ਪੜ੍ਹ ਕੇ ਆਏਗਾ। ਟੀਚਰ ਨੂੰ ਬੇਝਿਜ਼ਕ ਸਵਾਲ ਪੁਛੇਗਾ। ਸਕੂਲ ਤੇ ਕਾਲਜ ਦੀ ਪੜ੍ਹਾਈ ਤੋਂ ਬਾਅਦ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਵਿਚ ਜੁਟ ਜਾਂਦਾ ਹੈ। ਨਿਸ਼ਾਨਾ ਅੱਖਾਂ ਤੋਂ ਉਹਲੇ ਨਹੀ ਹੋਣ ਦੇਂਦਾ। ਹਰ ਕਦਮ ਨਿਸ਼ਾਨੇ ਵੱਲ ਪੁਟਦਾ ਹੈ। ਉਸ ਵਾਸਤੇ ਹਰ ਰੁਕਾਵਟ ਨਿਸ਼ਾਨੇ ਦੀ ਰਾਹ ਤੇ ਮੀਲ ਪੱਥਰ ਹੁੰਦਾ ਹੈ। ਹਰ ਮਿਲੀ ਪ੍ਰਾਪਤੀ ਨੂੰ ਭੁਲ ਕੇ ਅਗਲੀ ਪ੍ਰਾਪਤੀ ਲਈ ਜੂਝਦਾ ਹੈ। ਚੰਗੀਆਂ ਕਿਤਾਬਾਂ, ਰਸਾਲੇ ਤੇ ਸਾਹਿਤ ਉਸ ਦਾ ਸਾਥ ਹੁੰਦਾ ਹੈ। ਉਨ੍ਹਾਂ ਬਗੈਰ ਉਹ ਇਕ ਪੱਲ ਵੀ ਨਹੀਂ ਗੁਜ਼ਾਰ ਸਕਦਾ। ਜਿਸ ਪ੍ਰੋਗਰਾਮ ਨੂੰ ਉਲੀਕਦਾ ਹੈ ਉਸ ਨੂੰ ਸਿਰੇ ਚੜ੍ਹਾ ਕੇ ਹੀ ਦੰਮ ਲੈਂਦਾ ਹੈ। ਹਰ ਖੇਤਰ ਵਿਚ ਆਪਣੇ ਲਈ ਇਕ ਵੱਖਰੀ ਥਾਂ ਬਣਾ ਲੈਂਦਾ ਹੈ। ਵਕਤ ਤੇ ਪੈਸੇ ਦੀ ਕੀਮਤ ਸਮਝਦਾ ਹੈ।

*3. ਮੁਲਾਜ਼ਮ - ਵਰਗ*

ਸਕੂਲ ਜਾਂ ਕਾਲਜ ਦੀ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਨੌਕਰੀ ਦੀ ਤਲਾਸ਼ ਵਿਚ ਜੁਟ ਜਾਂਦਾ ਹੈ। ਆਪਣੀ ਤਾਲੀਮ, ਤੇ ਤਜਰਬੇ ਦੇ ਮੁਤਾਬਿਕ ਯੋਗ ਨੌਕਰੀ

ਪਰਵਾਨ ਕਰਦਾ ਹੈ। ਜੇ ਕਿਸੇ ਕਾਰਨ ਯੋਗ ਥਾਂ ਨਹੀਂ ਲੱਭਦੀ ਤਾਂ ਜੋ ਵੀ ਮਿਲੇ ਉਸ ਨੂੰ ਆਰਜ਼ੀ ਤੌਰ ਤੇ ਪਰਵਾਨ ਕਰ ਲੈਂਦਾ ਹੈ। ਡਿਊਟੀ ਤੇ ਟਾਇਮ ਸਿਰ ਪਹੁੰਚਦਾ ਹੈ। ਅਫਸਰਾਂ ਦਾ ਸਤਿਕਾਰ ਤੇ ਸਾਥੀ ਮੁਲਾਜ਼ਮਾਂ ਨਾਲ ਮਿਲਵਰਤਨ ਨਾਲ ਕੰਮ ਨੂੰ ਨਿਬੇੜਦਾ ਹੈ। ਮਤਾਹਿਤ ਮੁਲਾਜ਼ਮਾਂ ਨਾਲ ਹਮਦਰਦੀ ਨਾਲ ਪੇਸ਼ ਆਉਂਦਾ ਹੈ। ਜੋ ਵੀ ਕੰਮ ਕਰਦਾ ਹੈ ਬੜੇ ਧਿਆਨ ਤੇ ਦਿਲ ਨਾਲ ਕਰਦਾ ਹੈ। ਆਪਣੇ ਅਫਸਰਾਂ ਨੂੰ ਕਦੀ ਸ਼ਿਕਾਇਤ ਦਾ ਮੌਕਾ ਨਹੀਂ ਦੇਂਦਾ। ਜੇ ਕੋਈ ਮੁਲਾਜ਼ਮ ਸਾਥੀ ਦਫਤਰ ਦੇ ਕੰਮ ਵਿਚ ਕਿਸੇ ਤਰ੍ਹਾਂ ਦੀ ਸਹਾਇਤਾ ਮੰਗੇ ਤਾਂ ਖਿੜੇ ਮੱਥੇ ਉਸ ਦੀ ਬੇਨਤੀ ਨੂੰ ਪਰਵਾਨ ਕਰਦਾ ਹੈ। ਉਹ ਅਫਸਰਾਂ ਲਈ ਮੁਖਬਰ ਦਾ ਕੰਮ ਨਹੀਂ ਕਰਦਾ ਤੇ ਨਾ ਹੀ ਚੁਗਲੀ ਬਖੀਲੀ ਨੂੰ ਤਰਜੀਹ ਦੇਂਦਾ ਹੈ। ਇਸ ਤਰ੍ਹਾਂ ਹਰ ਸਾਥੀ ਵਰਕਰ ਉਸ ਤੇ ਇਤਬਾਰ ਕਰਦਾ ਹੈ। ਜਿਸ ਅਹੁਦੇ 'ਤੇ ਉਹ ਕੰਮ ਕਰ ਰਿਹਾ ਹੈ ਉਸੇ ਤੇ ਸੰਤੁਸ਼ਟ ਨਹੀਂ ਰਹਿੰਦਾ। ਜਿਥੇ ਵੀ ਤਰੱਕੀ ਦੀ ਸੰਭਾਵਨਾ ਦਿਸਦੀ ਹੈ ਉਸ ਲਈ ਕੋਸ਼ਿਸ਼ ਕਰਦਾ ਰਹਿੰਦਾ ਹੈ। ਆਪਣੇ ਕੰਮ ਸਬੰਧੀ ਪੂਰੀ ਪੂਰੀ ਵਾਕਫੀਅਤ ਹਾਸਲ ਕਰਦਾ ਰਹਿੰਦਾ ਹੈ। ਇਹ ਨਹੀਂ ਕਿ ਜਿਸ ਕੁਰਸੀ 'ਤੇ ਬੈਠ ਗਏ ਉਸੇ ਕੁਰਸੀ ਤੋਂ ਹੀ ਰੀਟਾਇਰ ਹੋਏ। ਕਈ ਮੁਲਾਜ਼ਮ ਐਸੇ ਵੀ ਦੇਖੇ ਗਏ ਹਨ ਜਿਹੜੇ ਕਲਰਕ ਤੋਂ ਤਰੱਕੀ ਕਰਕੇ ਕੰਪਨੀ ਦੇ ਮੈਨੇਜਰ ਬਣ ਗਏ। ਨੌਕਰੀ ਕਰਦਿਆਂ ਸ਼ਾਮ ਨੂੰ ਉੱਚ ਵਿੱਦਿਆ ਦੀ ਪੜ੍ਹਾਈ ਜਾਰੀ ਰੱਖ ਕੇ ਉਚੀ ਡਿਗਰੀਆਂ ਹਾਸਲ ਕਰਨ ਵਿਚ ਸਫਲ ਹੋਏ। ਕਈ ਤਾਂ ਪ੍ਰੋਫੈਸ਼ਨ ਬਦਲਣ ਦੀ ਵੀ ਹਿੰਮਤ ਕਰ ਲੈਂਦੇ ਹਨ। ਲੋੜ ਤਾਂ ਹੈ ਸੰਘਰਸ਼ ਦੀ। ਦਫਤਰ ਵਿਚ ਕੰਮ ਕਰਦੇ ਕਈ ਕਲਰਕਾਂ ਨੂੰ ਵਕਾਲਤ ਕਰਦਿਆਂ ਵੇਖਿਆ ਗਿਆ ਹੈ। ਕਈ ਫਾਲਤੂ ਵਕਤ ਵਿਚ ਪੜ੍ਹਾਈ ਅਤੇ ਅਭਿਆਸ ਕਰਦੇ ਚੰਗੇ ਕਲਾਕਾਰ ਬਣ ਗਏ।

*4. ਵਪਾਰੀ - ਵਰਗ*

ਚੜ੍ਹਦੀ ਕਲਾ ਦੇ ਵਪਾਰੀ ਤੇ ਹੋਰ ਵਪਾਰੀ ਵਿਚ ਜ਼ਮੀਨ ਆਸਮਾਨ ਦਾ ਫਰਕ ਵੇਖਿਆ ਗਿਆ। ਵਪਾਰ ਬਹੁਤ ਸੂਝ ਤੇ ਮਿਹਨਤ ਮੰਗਦਾ ਹੈ। ਬੇਸ਼ੱਕ ਸ਼ੁਰੂ ਵਿਚ ਵਪਾਰ ਛੋਟੀ ਪੱਧਰ ਹੋਵੇ ਪਰ ਉਸਨੂੰ ਅੱਗੇ ਵਧਾਉਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਹੋਰ ਵਪਾਰੀਆਂ ਨਾਲ ਮੇਲ ਜੋਲ ਬਣਾਈ ਰੱਖਦਾ ਹੈ ਤਾਂ ਕਿ ਵਪਾਰ ਵਿਚ ਆ ਰਹੇ ਨਵੇਂ ਮੌਕੇ ਮਿਲਦੇ ਰਹਿਣ। ਇਕੋ ਚੀਜ ਦਾ ਵਪਾਰ ਨਹੀ ਕਰਦਾ ਰਹਿੰਦਾ ਵਕਤ ਨਾਲ ਤੇ ਲੋੜ ਮੁਤਾਬਕ ਵਪਾਰਕ ਚੀਜਾਂ ਬਦਲਦਾ ਰਹਿੰਦਾ ਹੈ। ਨਵੇਂ ਵਪਾਰਕ ਸੈਂਟਰ ਵਿਚ ਆਪਣੀ ਕਿਸਮਤ ਅਜ਼ਮਾਉਂਦਾ ਹੈ। ਜਦ ਵੀ ਜ਼ਰੂਰਤ ਸਮਝੇ ਸ਼ਹਿਰ ਵੀ ਬਦਲ ਲੈਂਦਾ ਹੈ ਨਹੀਂ ਤਾਂ ਦੂਜੇ ਸ਼ਹਿਰਾਂ ਵਿਚ ਆਪਣੀਆਂ ਬਰਾਂਚਾਂ ਖੋਲਦਾ ਹੈ। ਮੁਲਾਜਮਾਂ ਨਾਲ ਹਮਦਰਦੀ ਤੇ ਉਨ੍ਹਾਂ ਦੇ ਜਾਇਜ਼ ਹਿਤਾਂ ਦੀ ਰਖਵਾਲੀ ਕਰਨਾ ਉਸ ਦਾ ਧਰਮ ਬਣ ਜਾਂਦਾ ਹੈ। ਮੁਲਾਜਮ ਰੱਖਣ ਲੱਗਿਆਂ ਬਹੁਤ ਸਾਵਧਾਨੀ ਵਰਤਦਾ ਹੈ ਤੇ ਉਨ੍ਹਾਂ ਨੂੰ ਨੌਕਰੀ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਪਿਛਲੇ ਰੀਕਾਰਡ ਦੀ ਛਾਣ ਬੀਨ ਕਰਦਾ ਹੈ। ਗਾਹਕ ਨਾਲ ਸਲੀਕੇ ਨਾਲ ਪੇਸ਼ ਆਉਂਦਾ ਹੈ। ਗਾਹਕ ਦੀ ਤਸੱਲੀ ਬਹੁਤ ਜ਼ਰੂਰੀ ਹੁੰਦੀ ਹੈ। ਠੀਕ ਤੋਲ ਤੇ ਮਿੱਠਾ ਬੋਲ ਦੇ ਮੁਹਾਵਰੇ ਨੂੰ ਕਦੇ ਨਹੀਂ ਭੁਲਦਾ। ਵਕਤ ਦੀ ਪਾਬੰਦੀ ਬਹੁਤ ਜ਼ਰੂਰੀ ਹੁੰਦੀ ਹੈ। ਟਾਇਮ ਸਿਰ ਦਫਤਰ, ਦੁਕਾਨ ਬੰਦ ਕਰ ਦੇਂਦਾ ਹੈ ਤਾਂ ਕਿ ਮੁਲਾਜ਼ਮਾਂ ਨੂੰ ਮਿਥੇ ਵਕਤ ਤੇ ਛੁੱਟੀ ਮਿਲ ਸਕੇ।

# ਕੋਹਿਨੂਰ ਹੀਰਾ ਸਿੱਖਾਂ ਕੋਲ ਕਿਵੇਂ ਆਇਆ?

ਡਾ. ਜਸਬੀਰ ਸਿੰਘ ਸਰਨਾ : ਨੇੜੇ ਸੁਪਰ ਬਜ਼ਾਰ ਬਾਰਾਮੂਲਾ, ਕਸ਼ਮੀਰ

ਕੋਹਿਨੂਰ ਹੀਰਾ ਸੰਸਾਰ ਦਾ ਸਭ ਤੋਂ ਵੱਧ ਚਰਚਿੱਤ ਅਤੇ ਵਡਮੁੱਲਾ ਹੀਰਾ ਹੈ। ਕੋਹਿਨੂਰ ਦੇ ਲਫਜ਼ੀ ਮਾਅਨੇ ਹਨ 'ਰੋਸ਼ਨੀ ਦਾ ਪਹਾੜ'। ਇਸ ਪ੍ਰਸਿੱਧਤਾ ਪ੍ਰਾਪਤ ਹੀਰੇ ਦੀ ਤਵਾਰੀਖ ਕਲਪਿਤ ਕਥਾਂਵਾਂ ਵਿਚ ਦੱਬੀ ਪਈ ਹੈ। ਹਿੰਦੂ ਪੌਰਾਣਿਕ ਕਥਾਵਾਂ ਅਨੁਸਾਰ ਅੰਗਾ ਦੇ ਬਾਦਸ਼ਾਹ 'ਕਰਨਾ' ਨਾਲ ਵੀ ਇਹ ਹੀਰਾ ਸੰਬੰਧਤ ਰਿਹਾ ਹੈ ਜੋ ਮਹਾਭਾਰਤ ਦੇ ਸੂਰਬੀਰਾਂ 'ਚੋਂ ਇਕ ਸੀ। ਜਿਸ ਦੀ ਉੱਨਤੀ 3000 ਬੀ. ਸੀ. ਵਿਚ ਹੋਈ ਸੀ। ਇਹ ਹੀਰਾ ਕਾਫੀ ਸਮਾਂ ਗੁਮਨਾਮੀ ਦੀ ਹਾਲਤ ਵਿਚ ਰਹਿ ਕਿ ਆਖਰ ਗਵਾਲੀਅਰ ਦੇ ਹਿੰਦੂ ਰਾਜੇ ਬਿਕਰਮਾਜੀਤ ਦੇ ਹੱਥ ਆਇਆ। ਬਿਕਰਮਾਜੀਤ ਨੇ ਸੁਲਤਾਨ ਇਬਰਾਹੀਮ ਲੌਧੀ ਦੇ ਵਲੋਂ ਹੋ ਕੇ ਪਾਣੀਪਤ ਦੀ ਲੜਾਈ ਵਿਚ ਹਿੱਸਾ ਲਿਆ ਸੀ। ਪਾਣੀਪਤ ਦੀ ਲੜਾਈ ਜਿੱਤਣ ਦੇ ਦਿਨ ਹੀ ਜ਼ਹੀਰ-ਉਲ-ਦੀਨ ਮੁਹੰਮਦ ਬਾਬਰ ਨੇ ਆਪਣੇ ਬੇਟੇ ਸ਼ਹਿਜਾਦਾ ਹਿਮਾਯੂੰ ਨੂੰ ਆਗਰੇ (ਲੌਧੀਆਂ ਦੀ ਰਾਜਧਾਨੀ) ਵੱਲ ਫੌਜਾਂ ਸਮੇਤ ਭੇਜਿਆ। ਆਗਰੇ ਪਹੁੰਚਦਿਆਂ ਹੀ ਹਿਮਾਯੂੰ ਨੇ ਸਾਰੇ ਆਗਰਾ ਸ਼ਹਿਰ ਨੂੰ ਘੇਰ ਲਿਆ। ਇਬਰਾਹੀਮ ਲੌਧੀ ਤਾਂ ਪਹਿਲਾਂ ਹੀ ਪਾਣੀਪਤ ਦੀ ਲੜਾਈ ਵਿਚ ਮਾਰਿਆ ਗਿਆ ਸੀ ਅਤੇ ਇਸ ਲਈ ਹਿਮਾਯੂੰ ਕਿਸੇ ਲੜਾਈ ਦੇ ਸਾਹਮਣੇ ਬਗੈਰ ਆਗਰੇ ਵਿਚ ਆਪਣੀਆਂ ਜੇਤੂ ਫੌਜਾਂ ਸਮੇਤ ਦਾਖਲ ਹੋਇਆ ਸੀ। ਜਦੋਂ ਆਗਰੇ ਦੇ ਕਿਲ੍ਹੇ ਅੰਦਰ ਸ਼ਹਿਜਾਦਾ ਹਿਮਾਯੂੰ ਆਪਣੀਆਂ ਜੇਤੂ ਫੌਜਾਂ ਨਾਲ ਦਾਖਲ ਹੋ ਰਿਹਾ ਸੀ ਤਾਂ ਉਸ ਨੂੰ ਬਹੁਤ ਸਾਰੇ ਹੀਰੇ ਜਵਾਹਰਾਤ, ਸ਼ਾਹੀ ਘਰਾਣੇ ਦੀਆਂ ਔਰਤਾਂ ਨੇ ਭੇਟਾ ਕਰ ਕੇ ਆਪਣੀ ਜ਼ਿੰਦਗੀ ਦੀ ਖ਼ੈਰ ਮੰਗੀ! ਇੱਥੇ ਹੀ ਇਕ ਬੁੱਢੀ ਸ਼ਾਹੀ ਘਰਾਣੇ ਦੀ ਔਰਤ ਨੇ ਇਕ ਡੱਬੀ ਫੜਾ ਕਿ ਆਪਣੀ ਜ਼ਿੰਦਗੀ ਦੀ ਰੱਖਿਆ ਲਈ ਬੇਨਤੀ ਕੀਤੀ। ਜਦੋਂ ਸ਼ਹਿਜਾਦੇ ਨੇ ਡੱਬੀ ਖੋਹਲੀ ਤਾਂ ਸੰਸਾਰ ਦਾ ਬੇਮਿਸਾਲ ਅਤੇ ਵਡਮੁੱਲਾ ਕੋਹਿਨੂਰ ਹੀਰਾ ਜਗਮਾਉਂਦਾ ਹੋਇਆ ਉਸ ਨੂੰ ਨਜ਼ਰੀ ਪਿਆ।

***ਮੁਗਲਾਂ ਦੇ ਅਹਿਦ ਵਿਚ*** - ਬਾਬਰ ਦਿੱਲੀ ਵਿਚ ਫੌਜੀ ਪ੍ਰਬੰਧ ਸਥਾਪਤ ਕਰਕੇ 1526 ਨੂੰ ਆਗਰੇ ਪੁੱਜਿਆ। ਆਗਰੇ ਪੁਜਦਿਆਂ ਹੀ ਹਿਮਾਯੂੰ ਨੇ ਆਪਣੇ ਪਿਤਾ ਦੇ ਹਜ਼ੂਰ ਪੇਸ਼ ਹੁੰਦਿਆ ਇਹ ਕੋਹਿਨੂਰ ਹੀਰਾ ਪੇਸ਼ਕਸ਼ ਵਜੋਂ ਭੇਟਾ ਕੀਤਾ। ਪਰ ਬਾਬਰ ਨੇ ਪ੍ਰਸੰਨ ਹੋ ਕੇ ਬੇਟੇ ਨੂੰ ਇਹ ਤੋਹਫੇ ਵਜੋਂ ਵਾਪਸ ਦੇ ਦਿੱਤਾ। ਹਿਮਾਯੂੰ ਦੇ ਹੱਥਾਂ ਵਿਚ ਆਉਣ ਤੋਂ ਪਹਿਲਾਂ ਇਸ ਹੀਰੇ ਦਾ ਇਤਿਹਾਸ ਕਲਮਬੱਧ ਹੋ ਚੁੱਕਾ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ 1304 ਵਿਚ ਇਹ ਹੀਰਾ ਸੁਲਤਾਨ-ਅਲ-ਉ-ਦੀਨ ਖਿੱਲਜੀ ਨੇ 'ਮਾਲਵਾ ਦੇ ਰਾਜੇ' ਕੋਲੋਂ ਪ੍ਰਾਪਤ ਕੀਤਾ ਸੀ। ਮੁਸਲਮਾਨ ਅਧਿਕਾਰੀਆਂ ਤੋਂ ਦੁਬਾਰਾ ਗਵਾਲੀਅਰ ਦੇ ਹਿੰਦੂ ਰਾਜਿਆਂ ਕੋਲ ਕਿਵੇਂ ਪੁੱਜਾ, ਇਸ ਬਾਰੇ ਤਾਰੀਖ ਖਾਮੋਸ਼ ਹੈ।

1526 ਦੀ ਪਾਣੀਪਤ ਦੀ ਪਹਿਲੀ ਲੜਾਈ ਤੋਂ ਬਾਅਦ ਹਿੰਦੁਸਤਾਨ ਵਿਚ ਮੁਗਲ ਰਾਜ ਅਤੇ ਸ਼ਕਤੀ ਸਥਾਪਤ ਹੋਣ ਮਗਰੋਂ ਇਹ 'ਕੋਹਿਨੂਰ ਹੀਰਾ' ਅਫਗਾਨ ਧਾੜਵੀ ਕਾਬਲ ਦੇ ਬਾਦਸ਼ਾਹ ਜ਼ਹੀਰ-ਉਲ-ਦੀਨ-ਮੁਹੰਮਦ ਬਾਬਰ ਕੋਲ ਆਇਆ। ਦੋ ਸ਼ਤਾਬਦੀਆਂ ਤੱਕ ਇਹ ਕੀਮਤੀ ਹੀਰਾ ਮੁਗਲ ਖਾਨਦਾਨਾਂ ਦੇ ਹਿਮਾਯੂੰ, ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਆਦਿ ਸ਼ਾਹੀ ਖਾਨਦਾਨ ਦੇ ਵਾਰਸਾਂ ਕੋਲ ਰਿਹਾ। ਤਵਾਰੀਖ ਵਿਚ ਇਹ ਵੀ ਜ਼ਿਕਰ ਆਇਆ ਹੈ ਕਿ ਸ਼ਾਹਜਹਾਨ ਦੀ ਆਪਣੀ ਬੇਗਮ 'ਮੁਮਤਾਜ' ਕੋਲ ਵੀ ਕੁੱਝ ਦੇਰ ਰਿਹਾ।

1739 ਵਿਚ ਨਾਦਰਸ਼ਾਹ, ਪਰਸ਼ੀਆ ਦੇ ਮਸ਼ਹੂਰ ਧਾੜਵੀ ਨੇ ਦਿੱਲੀ ਨੂੰ ਤਬਾਹ ਕੀਤਾ ਤਾਂ ਉਸ ਨੇ ਔਰੰਗਜੇਬ ਦੇ ਕਮਜ਼ੋਰ ਵਾਰਸ ਮੁਹੰਮਦਸ਼ਾਹ ਤੋਂ ਸਾਰੇ ਹੀਰੇ ਜਵਾਹਰਾਤ ਖੋਹ ਲਏ ਤਾਂ ਉਨ੍ਹਾਂ ਵਿਚ 'ਕੋਹਿਨੂਰ ਹੀਰਾ' ਵੀ ਸੀ। ਨਾਦਰਸ਼ਾਹ ਇਸ ਨੂੰ ਆਪਣੇ ਨਾਲ ਅਫਗਾਨਿਸਤਾਨ ਲੈ ਗਿਆ। ਨਾਦਰਸ਼ਾਹ ਨੇ ਹੀ ਇਸ ਹੀਰੇ ਨੂੰ 'ਕੋਹਿਨੂਰ' ਆਖਿਆ ਜੋ ਸਭ ਤੋਂ ਵੱਧ ਪ੍ਰਮਾਣਿਕ ਨਾਂ ਹੈ ਜਿਸ ਨੂੰ ਬਾਬਰ ਅਤੇ ਟ੍ਰੈਵਰਨਇਰ ਨੇ ਹੋਰ ਨਾਂ ਦਿੱਤੇ ਸਨ। ਤਵਾਰੀਖ ਵਿਚ ਪਹਿਲੀ ਵਾਰ ਸੀ ਕਿ ਇਸ ਹੀਰੇ ਨੂੰ ਇਕ ਖਾਸ ਉਪਾਧੀ ਜਾਂ ਵਿਸ਼ੇਸ਼ਣ ਨਾਲ ਨਿਵਾਜ਼ਿਆ ਗਿਆ ਸੀ।

***ਨਾਦਰਸ਼ਾਹ ਦੀ ਮੌਤ ਤੋਂ ਬਾਅਦ***- ਨਾਦਰਸ਼ਾਹ ਨੂੰ 1747 ਵਿਚ ਫਤਿਹਾਬਾਦ (ਖੁਰਾਸਾਨ) ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਕਤਲ ਤੋਂ ਬਾਅਦ ਤਖਤ ਤੇ

ਉਸ ਦੇ ਭਤੀਜੇ ਅਲੀ-ਕੁੱਲੀ-ਖਾਨ (ਜਾਂ ਅਲੀ ਸ਼ਾਹ) ਨੂੰ ਬਿਠਾਇਆ ਗਿਆ ਜਿਸਨੂੰ ਇਹ ਹੀਰਾ ਪ੍ਰਾਪਤ ਹੋਇਆ। ਅਲੀਸ਼ਾਹ ਨੂੰ ਬਾਅਦ ਵਿਚ ਅੰਨ੍ਹਾ ਕਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਇਸ ਤਰ੍ਹਾਂ 'ਹੀਰਾ' ਉਸ ਦੇ ਜਾਨਸ਼ੀਨ ਸ਼ਾਹ ਰੁੱਖ ਮਿਰਜ਼ਾ (ਨਾਦਰ ਸ਼ਾਹ ਦਾ ਪੋਤਾ) ਕੋਲ ਪੁੱਜਾ। ਸ਼ਾਹ ਰੁੱਖ ਨੂੰ ਬਾਅਦ ਵਿਚ ਮਾਮਾ ਮੁਹੰਮਦ ਨੇ ਬੰਦੀ ਬਣਾ ਕੇ ਖੂਬ ਸਰੀਰਕ ਕਸ਼ਟ ਦਿੱਤੇ ਅਤੇ 'ਕੋਹਿਨੂਰ ਹੀਰਾ' ਦੀ ਮੰਗ ਕੀਤੀ ਗਈ। ਸ਼ਾਹ ਰੁੱਖ ਮਿਰਜ਼ਾ ਨੇ 1751 ਵਿਚ ਇਹ ਕੀਮਤੀ ਹੀਰਾ ਅਹਿਮਦ ਸ਼ਾਹ ਦੁਰਾਨੀ ਨੂੰ ਉਸ ਦੀਆਂ ਸੇਵਾਵਾਂ ਬਦਲੇ ਭੇਟਾ ਕੀਤਾ। ਇਹ ਅਹਿਮਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਅਤੇ ਜਾਨਸ਼ੀਨ ਤੈਮੂਹਰਸ਼ਾਹ ਕੋਲ ਆਇਆ। 1793 ਵਿਚ ਤੈਮੂਹਰਸ਼ਾਹ ਦੀ ਮੌਤ ਹੋਈ ਅਤੇ ਇਹ ਹੀਰਾ ਉਸ ਵੱਡੇ ਬੇਟੇ ਸ਼ਾਹ ਜਮਾਨ ਦੇ ਹੱਥ ਆਇਆ। ਸ਼ਾਹ ਮਹਿਮੂਦ ਨੇ ਇਸ ਹੀਰੇ ਨੂੰ ਹਾਸਲ ਕਰਨ ਲਈ ਆਪਣੇ ਭਰਾ ਸ਼ਾਹ ਜ਼ਮਾਨ ਨੂੰ ਅੰਨ੍ਹਾ ਕਰਕੇ ਰਾਜ-ਗੱਦੀ ਤੋਂ ਵਾਂਝਿਆ ਕੀਤਾ ਪਰ ਉਸ ਨੇ ਹੀਰਾ ਆਪਣੇ ਕੋਲ ਹੀ ਸੁਰੱਖਿਅਤ ਰੱਖਿਆ। ਫਿਰ ਇਹ ਕੀਮਤੀ ਹੀਰਾ ਉਸਦੇ ਤੀਜੇ ਭਰਾ ਸ਼ਾਹ ਸ਼ੁਜਾਹ ਕੋਲ ਪੁੱਜਾ।

***ਹੀਰੇ ਦਾ ਵਜ਼ਨ***- ਕਈ ਸਦੀਆਂ ਅਨੇਕਾਂ ਰਾਜਿਆਂ ਮਹਾਰਾਜਿਆਂ ਵਿਦੇਸ਼ੀ ਹਮਲਾਵਰਾਂ ਅਤੇ ਸ਼ਹਿਨਸ਼ਾਹਾਂ ਦੇ ਹੱਥਾਂ ਵਿਚੋਂ ਗੁਜ਼ਰਣ ਤੋਂ ਪਹਿਲਾਂ ਇਸ ਹੀਰੇ ਦਾ ਵਜ਼ਨ 1000 ਕੈਰੇਟ ਸੀ। 1665 ਵਿਚ ਫਰਾਂਸ ਦੇ ਸੌਦਾਗਰ ਅਤੇ ਜੌਹਰੀ ਟ੍ਰੈਵਰਨਾਇਰ ਨੇ ਇਸ ਦਾ ਵਜ਼ਨ 279/9/16 ਕੈਰੇਟ ਕੀਤਾ ਸੀ। ਇਹ ਵਜ਼ਨ ਬਾਦਸ਼ਾਹ ਔਰੰਗਜੇਬ ਦੇ ਸਾਹਮਣੇ ਕੀਤਾ ਗਿਆ ਸੀ। ਟ੍ਰੈਵਰਨਾਇਰ ਨੇ ਇਸ ਹੀਰੇ ਨੂੰ 'ਦੀ ਗ੍ਰੇਟ ਮੁਗਲ ਡਾਇਮੰਡ' ਨਾਂ ਦਿੱਤਾ। ਕਦੀ ਇਸ ਨੂੰ 'ਮੈਚਲੇਸ' ਜਾਂ 'ਬਾਬਰ ਡਾਇਮੰਡ' ਵੀ ਆਖਿਆ ਜਾਂਦਾ ਰਿਹਾ ਹੈ। ਜਿਸ ਦਾ ਜ਼ਿਕਰ 'ਤੁਜ਼ਕੇ-ਬਾਬਰੀ' ਵਿਚ ਵੀ ਆਇਆ ਹੈ।

1852 ਵਿਚ ਇਸ ਹੀਰੇ ਨੂੰ ਲੰਡਨ ਵਿਚ ਦੁਬਾਰਾ ਕੱਟਿਆ ਗਿਆ। ਇਸ ਦੇ ਕੱਟਣ ਦੀ ਕੀਮਤ 8000 ਪੌਂਡ ਅਦਾ ਕੀਤੀ ਗਈ। ਅਮੈਸਟਰਡਿੰਗ ਤੋਂ ਇਕ ਪ੍ਰਸਿੱਧ ਹੀਰਾ ਤਰਾਸ਼ ਵੂਰਸਾਂਗਰ ਨੂੰ ਕਾਰਜ ਲਈ ਬੁਲਾਇਆ ਗਿਆ ਜਿਸਨੇ ਇਸ ਨੂੰ ਤਰਾਸ਼ਣ ਲਈ 38 ਦਿਨ ਲਾਏ ਅਤੇ ਇਹ ਹੀਰਾ 106/1/16 ਕੈਰੇਟ ਦਾ ਰਹਿ ਗਿਆ। ਲੰਡਨ ਦੇ ਇਕ ਜੌਹਰੀ ਜੈਗਰਡ ਨੇ 186 ਕੈਰੇਟ ਤੋਂ ਤਰਾਸ਼ ਕੇ ਅਜੋਕੇ 108/93/ਕੈਰੇਟ ਵਾਲਾ ਕੋਹਿਨੂਰ ਹੀਰਾ ਮੂਰਤੀਮਾਨ ਕੀਤਾ।

***ਸਿੱਖਾਂ ਕੋਲ ਕਿਵੇਂ ਆਇਆ***- ਜਦੋਂ ਖਾਲਸਾ ਪੰਥ ਦੀ ਲਗਾਤਾਰ ਜੱਦੋਜਹਿਦ ਰਾਹੀਂ 'ਸਰਕਾਰ-ਏ-ਖਾਲਸਾ' ਪੰਜਾਬ ਵਿਚ ਸਥਾਪਤ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨਿਸਤਾਨ ਦੇ ਸ਼ਹਿਰਾਂ ਕਾਬੁਲ, ਕੰਧਾਰ ਆਦਿ ਨੂੰ ਵੀ ਆਪਣੇ ਅਧੀਨ ਕਰ ਲਿਆ। ਅਹਿਮਦਸ਼ਾਹ ਦੁਰਾਨੀ ਦੇ ਵਾਰਸ ਸ਼ਾਹ-ਸ਼ੁਜਾਹ ਨੇ ਈਨ ਮੰਨ ਲਈ। ਇਸ ਸਾਬਕਾ ਬਾਦਸ਼ਾਹ ਕਾਬੁਲ ਨੂੰ ਦੀਵਾਨ ਮੁਹੰਕਮ ਚੰਦ ਮਾਰਚ 1813 ਵਿਚ ਲਾਹੌਰ ਲੈ ਆਇਆ। ਉਸ ਦੇ ਰੁਤਬੇ ਕਾਰਨ ਕੰਵਰ ਖੜਕ ਸਿੰਘ ਨੂੰ ਸ਼ਾਦਰੇ ਉਸ ਦੇ ਇਸਤਕਬਾਲ ਲਈ ਭੇਜਿਆ ਗਿਆ। ਲਾਹੌਰ ਵਿਚ ਮੁਬਾਰੱਖ ਹਵੇਲੀ ਸ਼ਾਹ ਸ਼ੁਜਾਹ ਲਈ ਰਾਖਵੀਂ ਰੱਖੀ ਗਈ। ਪਹਿਲਾਂ ਸ਼ਾਹ ਨਾਂ-ਨੁਕਰ ਕਰਦਾ ਰਿਹਾ ਪਰ ਉਸ ਦੀ ਬੇਗਮ 'ਵਫਾ-ਬੇਗਮ' ਨੇ ਇਹ ਕੀਮਤੀ ਹੀਰਾ ਦੇਣ ਦਾ ਇਕਰਾਰ ਕੀਤਾ। ਕੁਝ ਸਮੇਂ ਫਿਰ ਸ਼ਾਹ ਨੇ ਹੀਰਾ ਦੇਣ ਤੋਂ ਘੁਸੇਲ ਮਾਰ ਛੱਡੀ। ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਨੂੰ ਕਈ ਤਕਲੀਫਾਂ ਦਿੱਤੀਆਂ ਅਤੇ ਉਸ ਨੂੰ ਚੇਤਾਵਨੀ ਦਿੱਤੀ ਕਿ ਪ੍ਰਵਾਰ ਨਾਲੋਂ ਵੱਖ ਕਰਕੇ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਵਿਚ ਕੈਦ ਕੀਤਾ ਜਾਵੇਗਾ। ਸ਼ਾਹ ਸ਼ੁਜਾਹ ਦੀ ਬੇਗਮ ਨੇ ਆਪਣੇ ਪਤੀ ਦੀ ਜ਼ਿੰਦਗੀ ਬਦਲੇ ਮਹਾਰਾਜ ਨੂੰ ਕੋਹਿਨੂਰ ਹੀਰਾ ਦੇਣ ਦਾ ਵਚਨ ਦਿੱਤਾ ਸੀ।

ਪਹਿਲੀ ਜੂਨ 1813 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਗੁਰਮੁਖ ਸਿੰਘ, ਫਕੀਰ ਅਜ਼ੀਜ਼ੋ-ਦੀਨ ਅਤੇ ਜਮਾਦਾਰ ਖੁਸ਼ਹਾਲ ਸਿੰਹੁ ਨੂੰ ਸ਼ਾਹ ਸੁਜਾਹ ਕੋਲ ਇਹ ਨਾਯਾਬ ਹੀਰਾ ਲਿਆਉਣ ਲਈ ਭੇਜਿਆ। ਸ਼ਾਹ ਨੇ ਤਿੰਨਾਂ ਨੂੰ ਇਹ ਕਹਿ ਕਿ ਵਾਪਸ ਮੋੜ ਦਿੱਤਾ ਕਿ ਮਹਾਰਾਜਾ ਆਪ ਆ ਕੇ ਹੀਰਾ ਲਵੇ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਖਬਰ ਮਿਲੀ ਤਾਂ ਉਹ ਖੁਸ਼ੀ ਖੁਸ਼ੀ ਘੋੜ ਸਵਾਰ ਹੋਕੇ, ਆਪਣੀਆਂ ਫੌਜਾਂ ਸਮੇਤ, ਇਕ ਹਜ਼ਾਰ ਰੁਪਿਆ ਨਕਦ ਚੁੱਕ ਕੇ ਮੁਬਾਰਖ ਹਵੇਲੀ ਵੱਲ ਕੂਚ ਕੀਤਾ। ਅਫਗਾਨੀ ਸ਼ਹਿਨਸ਼ਾਹ ਨੇ ਮਹਾਰਾਜਾ ਰਣਜੀਤ ਸਿੰਘ ਦੀ ਖੂਬ ਸਤਿਕਾਰ ਅਤੇ ਖੁਸ਼-ਆਮਦੀਦ ਆਖੀ। ਇਕ ਘੰਟਾ ਦੋਵਾਂ ਵਿਚ ਵੀਚਾਰਾਂ ਹੁੰਦੀਆਂ ਰਹੀਆਂ। ਆਖਰ ਸ਼ਾਹ ਨੇ 'ਕੋਹਿਨੂਰ ਹੀਰਾ' ਲਿਆ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੱਗੇ ਰੱਖਿਆ। ਆਪਸੀ ਦੋਸਤੀ ਦਾ ਐਲਾਨ ਕੀਤਾ ਗਿਆ। ਮਹਾਰਾਜਾ ਸਾਹਿਬ ਨੇ ਸ਼ਾਹ ਨੂੰ ਇਸ ਦੀ ਕੀਮਤ ਪੁੱਛੀ ਤਾਂ ਸ਼ਾਹ ਨੇ ਆਖਿਆ।

***ਇਸ ਦੀ ਕੀਮਤ ਲਾਠੀ ਹੈ***- ਮੇਰੇ ਪੁਰਖਿਆ ਨੇ ਇਸ

ਨੂੰ ਇਸੇ ਤਰ੍ਹਾਂ ਹਾਸਲ ਕੀਤਾ। ਤੁਸਾਂ ਇਸ ਨੂੰ ਮੇਰੇ ਤੋਂ ਕਈ ਘਸੁੰਨਾਂ-ਮੁੱਕੇ ਨਾਲ ਹਾਸਲ ਕੀਤਾ। ਜਦੋਂ ਤੁਹਾਡੇ ਤੋਂ ਵੀ ਤਾਕਤਵਰ ਰਾਜ ਆਇਆ, ਉਹ ਵੀ ਇਸੇ ਢੰਗ ਤਰੀਕੇ ਨਾਲ ਤੁਹਾਡੇ ਤੋਂ ਲੈ ਲਵੇਗਾ। ਮਹਾਰਾਜਾ ਇਹ ਫਿਕਰੇ ਸੁਣਕੇ ਨਿਰਾਸ਼ ਨਹੀਂ ਹੋਇਆ ਅਤੇ 'ਕੋਹਿਨੂਰ ਹੀਰਾ' ਆਪਣੀ ਜੇਬ ਵਿਚ ਪਾ ਕੇ ਚਲਾ ਗਿਆ। ਮਹਾਰਾਜਾ ਨੇ ਸ਼ਾਹੀ ਪੈਲਸ ਪੁੱਜ ਕੇ ਇਕ ਵੱਡਾ ਦਰਬਾਰ ਬੁਲਾਇਆ ਅਤੇ ਇਸ ਵਡਮੁੱਲੇ ਹੀਰੇ ਦੀ ਪ੍ਰਾਪਤੀ ਦੇ ਆਗਾਜ਼ ਵਿਚ ਸਾਰਾ ਸ਼ਹਿਰ ਰੋਸ਼ਨੀਆਂ ਨਾਲ ਰੋਸ਼ਨ ਕੀਤਾ ਗਿਆ। ਮਹਾਰਾਜਾ ਇਸ ਹੀਰੇ ਨੂੰ ਦੋ ਹੋਰ ਕੀਮਤੀ ਹੀਰਿਆਂ ਨਾਲ ਜੜੋਤ ਕੇ ਖਾਸ ਮੌਕਿਆਂ ਤੇ ਆਪਣੀ ਬਾਂਹ ਨਾਲ ਲਾਉਂਦੇ ਸਨ। ਇਹ ਹੀਰਾ ਲਾਹੌਰ ਦੇ ਸ਼ਾਹੀ ਖਜ਼ਾਨੇ ਵਿਚ 1949 ਤੱਕ ਰਿਹਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਜਦੋਂ ਇਕ ਖਾਸ ਸਾਜਿਸ਼ਾਂ ਤਹਿਤ ਗੂੜੀ ਨੀਂਦ ਸੁਵਾ ਦਿੱਤਾ ਗਿਆ ਤਾਂ ਚੰਦ ਕੌਰ ਦੇ ਸੱਚੇ ਦਾਅਵੇ ਇਕ ਪਾਸੇ ਰੱਖ ਕੇ ਸ਼ੇਰ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਗਿਆ ਤਾਂ ਇਹ ਨਾਯਾਬ ਤੋਹਫਾ ਉਸ ਦੇ ਹੱਥ ਆਇਆ।

*ਇੰਗਲੈਂਡ ਵਿਚ ਪੁੱਜਣਾ-* ਜਦੋਂ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਵਿਚ ਖਾਸ ਸਾਜਿਸ਼ਾਂ. ਤਹਿਤ ਪੰਜਾਬ ਨੂੰ ਮਿਲਾਉਣ ਦਾ ਸਫਲ ਕੂਟ-ਨੀਤੀ-ਵੇਤਾ ਕਾਰਜ ਕੀਤਾ ਤਾਂ ਨਾਬਾਲਗ ਮਹਾਰਾਜ ਦਲੀਪ ਸਿੰਘ ਨੂੰ ਸੁਰੱਖਿਅਤ ਇੰਗਲੈਂਡ ਲਿਜਾਣ ਦੀ ਵਿਉਂਤ ਬਣਾਈ। ਮਹਾਰਾਜਾ ਦਲੀਪ ਸਿੰਘ ਨੂੰ 18 ਵਰ੍ਹੇ ਦਾ ਹੋਣ ਤੇ ਲਾਹੌਰ ਦਾ ਮਹਾਰਾਜਾ ਬਣਾਉਣ ਦਾ ਬਹਾਨਾ ਵੀ ਕੀਤਾ ਗਿਆ। ਉਸੇ ਸਮੇਂ ਲਾਹੌਰ ਦੇ ਸ਼ਾਹੀ ਖਜ਼ਾਨੇ ਦੇ ਰੂਬਰੂ ਮਹਾਰਾਜਾ ਦਲੀਪ ਸਿੰਘ ਨੂੰ ਧੋਖੇਬਾਜ਼ੀ ਨਾਲ ਇੰਗਲੈਂਡ ਅੰਗਰੇਜ਼ ਲੈ ਗਏ। ਲਾਹੌਰ ਦੇ ਸਿੱਖ ਖਜ਼ਾਨੇ ਵਿਚੋਂ ਕੋਹਿਨੂਰ ਹੀਰਾ ਤਖਤ ਕੁਰਸੀ ਅਤੇ ਅਨੇਕਾਂ ਸਿੱਖ ਰਾਜ ਨਾਲ ਸੰਬੰਧਤ ਕਲਾਕ੍ਰਿਤੀਆਂ ਵੀ ਇੰਗਲੈਂਡ ਪੁੱਜੀਆਂ। ਇੰਗਲੈਂਡ ਪੁੱਜਣ ਤੋਂ ਪਹਿਲਾਂ ਇਹ ਸਾਰਾ ਖਜ਼ਾਨਾ ਡਲਹੌਜੀ ਗਵਰਨਰ ਜਨਰਲ 1050 ਵਿਚ ਬੰਬਈ ਲੈ ਗਿਆ। ਜਿੱਥੇ ਉਸਨੇ ਲੈਂਟ. ਕਰਨਲ ਸੀ. ਬੀ. ਮੈਕਸੰਨ ਅਤੇ ਕੈਪਟਨ ਅਤੇ ਕੈਪਟਨ ਰਾਮਸਏ ਦੇ ਹਵਾਲੇ ਕੀਤਾ ਜਿਥੋਂ ਉਹ ਯੂਰਪ ਲੈ ਗਏ। ਯੂਰਪ ਪੁੱਜ ਕੇ ਉਨ੍ਹਾਂ ਇਹ ਸਿੱਖ ਖਜ਼ਾਨਾ ਬੋਰਡ ਆਫ. ਡਾਇਰੈਕਟਰਜ਼ ਦੇ ਹਵਾਲੇ ਕੀਤਾ ਅਤੇ ਆਖਰ ਉਨ੍ਹਾਂ 3 ਜੁਲਾਈ 1850 ਨੂੰ ਇਹ ਦੁਨੀਆਂ ਦਾ ਕੀਮਤੀ ਹੀਰਾ 'ਮਹਾਰਾਣੀ' ਨੂੰ ਭੇਟਾ ਕੀਤਾ। ਪਹਿਲੀ ਵਾਰ 1851 ਵਿਚ ਲੰਡਨ ਵਿਚ ਹੋਈ ਪਹਿਲੀ ਵੱਡੀ ਪਰਦਰਸ਼ਨੀ ਵਿਚ ਪਰਦਰਸ਼ਤ ਕੀਤਾ ਗਿਆ ਸੀ।

*ਅਜੋਕੇ ਸਮੇਂ ਕਿਥੇ ਹੈ?* - ਇਹ ਹੀਰਾ ਪਹਿਲਾਂ ਬਰਤਾਨੀਆ ਦੀ ਰਾਣੀ ਮੇਰੀ ਦੀ ਸ਼ਾਹੀ ਤਾਜਪੋਸ਼ੀ ਲਈ ਤਿਆਰ ਕੀਤਾ ਗਿਆ ਸੀ। ਦੁਬਾਰਾ 1937 ਵਿਚ ਜਾਰਜ ਛੇਵੇਂ ਦੀ ਤਾਜਪੋਸ਼ੀ ਸਮੇ ਇਸ ਹੀਰੇ ਨੂੰ 2800 ਹੋਰ ਹੀਰਿਆਂ ਨਾਲ ਅਜੋਕੀ ਮਲਕਾ ਐਲਜਿਬੈਥ (ਦੂਜੀ) ਦੀ ਮਾਂ, ਰਾਜਮਾਤਾ ਐਲਜਿਬੈਥ ਦੇ ਸ਼ਾਹੀ ਤਾਜ਼ ਵਿਚ ਜੜਿਆ ਗਿਆ ਹੈ। ਅੱਜਕੱਲ ਇੰਗਲੈਂਡ ਦੇ 'ਟਾਵਰ ਆਫ ਲੰਡਨ' ਵਿਚ ਸਖਤ ਹਿਫਾਜ਼ਤ ਅਧੀਨ ਪਰਦਰਸ਼ਤ ਹੈ। ਇਸ ਹੀਰੇ ਦੇ ਆਸ ਪਾਸ ਸ਼ਾਹੀ ਘਰਾਣੇ ਦੇ ਹੋਰ ਸ਼ਾਹੀ ਤਾਜ ਵੀ ਰੱਖੇ ਗਏ ਹਨ।

ਕੁਝ ਵਰ੍ਹੇ ਪਹਿਲਾਂ ਇਸ ਕੀਮਤੀ ਹੀਰੇ ਨੂੰ 'ਕਰਿਸਟਲ ਮਹੱਲ' ਵਿਚ ਪਰਦਰਸ਼ਤ ਕੀਤਾ ਗਿਆ ਸੀ। ਇਹ ਹੀਰਾ 2800 ਛੋਟੇ ਛੋਟੇ ਹੀਰਿਆਂ ਦੇ ਕੇਂਦਰ ਵਿਚ ਜੜੱਤ ਕੇ ਖਾਸ ਅਤੇ ਪ੍ਰਭਾਵਸ਼ਾਲੀ ਅਕਾਸੀ ਕਰਦਾ ਦਿਲ ਫਰੇਬ ਨਜ਼ਾਰਾ ਪੇਸ਼ ਕਰਦਾ ਹੈ।

*ਵਾਪਸੀ ਦੀ ਮੰਗ-* ਬਰਤਾਨਵੀ ਸਰਕਾਰ ਕੋਲ ਸਮੇ ਸਮੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਕੋਹਿਨੂਰ ਹੀਰੇ, ਸ਼ਾਹੀ ਸਿੱਖ ਖਜ਼ਾਨੇ ਅਤੇ ਹੋਰ ਕਲਾ ਕ੍ਰਿਤੀਆ ਦੀ ਵਾਪਸੀ ਦੀ ਮੰਗ ਹੁੰਦੀ ਰਹਿੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਭਾਰਤ ਦੇ ਸੰਸਦ ਮੈਂਬਰਾਂ ਨੇ ਵੀ ਇਸ ਅਹਿਮ ਸਿੱਖ ਖਜ਼ਾਨੇ ਨੂੰ ਵਾਪਸ ਕਰਨ ਦੀ ਮੰਗ ਰੱਖੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਤਾਜਪੋਸ਼ੀ ਦੇ 200 ਸਾਲਾਂ ਦਿਵਸ ਤੇ ਇਹ ਨੁਕਤਾ ਹੋਰ ਵੀ ਸੁਚੱਜੇ ਢੰਗ ਨਾਲ ਅਖਬਾਰਾਂ ਦੀ ਜ਼ੀਨਅਤ ਬਣਿਆ ਹੈ ਪਰ ਬਰਤਾਨਵੀ ਸਰਕਾਰ ਇਸ ਖਜਾਨੇ ਨੂੰ ਵਾਪਸ ਕਰਨ ਦੀ ਮੰਗ ਤੇ ਘੁਸੇਲ ਮਾਰ ਛੱਡਣ ਵਿਚ ਉਸਤਾਦੀ ਵਰਤ ਜਾਂਦੀ ਹੈ।

*ਟਿੱਪਣੀਆਂ ਅਤੇ ਹਵਾਲੇ :*

1. Memoirs of Babar : Erskines, P.308 "Among them was one famous diamond which had been acquired by Sultan Alauddin. It is so valuable that a Judge of diamonds valued it at half of the daily expense of the world. It weighs about eight miskals (or 320 rattis). On my arrival here, Humayum

presented it to me as a 'Peshkash', and I gave it back to him as a present."

2. Travernier's travels P. 29
" This diamond belong to the great Moghal who did me the honour to have it shown to me with all others jewels, and I was allowed to weigh it, when in the rough it weighed 907 Rattis or 793 5/8 Cattras."

3. Elphinstone's "History of India" P. 357, 373
"It has been found concealed, with other jewels in a wall of the cell which Shah Zaman has occupied in his confinement. When Elphinstone met Shah Shuza at Peshawar, he saw it in a bracelet worn by the Shah on his arm, and he alludes to it as a diamond figured by Taveriner."

4. Travernier's travels, opiett.
" The Great Moghal diamond weighs 279 9/16 Carrats, is of purest water, good form and has only a small floor which is in the edge of the hasal circumstance of the stone."

# 12ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਸੰਗਰੂਰ

ਪਿਛਲੇ ਦੋ ਕੁ ਦਹਾਕਿਆਂ ਤੋਂ ਜੇ ਕਿਸੇ ਸੰਸਥਾ ਜਾਂ ਧਾਰਮਿਕ ਸਥਾਨ ਨੇ ਆਪਣੀ ਪਹਿਚਾਣ ਬਣਾਈ ਹੈ ਤਾਂ ਉਹ ਹੈ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ। ਮਹਾ ਨਗਰ ਦੇ ਪੂਰਬ ਦੱਖਣ ਵਿਚ ਨਹਿਰ ਦੇ ਕਿਨਾਰੇ ਵਸਿਆ ਪਿੰਡ ਜਵੱਦੀ ਕਲਾਂ ਅੱਜ ਸਾਰੇ ਸਿੱਖ ਜਗਤ ਵਿਚ ਗੁਰਬਾਣੀ ਦੇ ਰਾਗ ਅਧਾਰਿਤ ਕੀਰਤਨ ਸੰਮੇਲਨਾਂ ਕਰਕੇ ਸੰਸਾਰ ਵਿਚ ਉੱਘਾ ਹੋ ਰਿਹਾ ਹੈ। ਗੁਰਪੁਰੀ ਨਿਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਉਪਰਾਲੇ ਸਦਕਾ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਲਈ ਗੁਰੂ ਕੀਰਤਨੀਆਂ ਅਤੇ ਰਾਗੀ ਸਿੰਘਾਂ ਦੇ ਸਹਿਯੋਗ ਸਦਕਾ ਇਸ ਸਥਾਨ ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸ਼ੁਰੂ ਕੀਤਾ ਜਿਸ ਵਿਚ ਵੱਖ-ਵੱਖ ਨਾਮੀ ਰਾਗੀ ਜੱਥਿਆਂ ਅਤੇ ਸੰਗੀਤਕਾਰਾਂ ਕੋਲੋਂ ਨਿਰਧਾਰਤ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਕਰਵਾਕੇ ਸੰਗਤਾਂ ਨੂੰ ਅਨੰਦਤ ਕੀਤਾ ਅਤੇ ਨਵਿਆਂ ਲਈ ਇਕ ਮਾਰਗ ਦਰਸ਼ਕ ਬਣੇ। ਹਰ ਸਾਲ ਇਹ ਸਮਾਗਮ ਹੁੰਦੇ ਰਹੇ ਸੰਗਤਾਂ ਜੁੜਦੀਆਂ ਰਹੀਆਂ ਕਾਫਲਾ ਬਣਦਾ ਗਿਆ। ਪਿਛਲੇ ਸਮੇ ਸੰਤ ਬਾਬਾ ਸੁੱਚਾ ਸਿੰਘ ਜੀ ਅਚਾਨਕ ਅਕਾਲ ਪੁਰਖ ਦੇ ਸੱਦੇ ਤੇ ਇਸ ਸੰਸਾਰ ਨੂੰ ਛੱਡ ਕੇ ਗੁਰਪੁਰੀ ਸਿਧਾਰ ਕਰ ਗਏ। ਸੰਗਤਾਂ ਨੇ ਸੰਤ ਬਾਬਾ ਕਰਨੈਲ ਸਿੰਘ ਜੀ ਨੂੰ ਇਹ ਸੇਵਾ ਬਖਸ਼ ਦਿੱਤੀ। ਉਨਾਂ ਬੜੀ ਮਿਹਨਤ ਅਤੇ ਲਗਨ ਨਾਲ ਚੱਲ ਰਹੇ ਇਸ ਪ੍ਰਵਾਹ ਨੂੰ ਅੱਗੇ ਤੋਰਿਆ।

ਇਸ ਵਾਰ 19 ਤੋਂ 21 ਦਸੰਬਰ ਠੰਡ ਵੀ ਆਪਣੇ ਪੂਰੇ ਜੋਬਨ ਵਿਚ ਸੀ ਅਤੇ ਧੁੰਧ ਵੀ ਇਤਨੀ ਸੀ ਕਿ ਹੱਥ ਨੂੰ ਹੱਥ ਮਾਰਿਆ ਨਾ ਦਿਸੇ। ਗੁਰਬਾਣੀ ਦੇ ਰਸੀਆਂ ਦੇ ਰਾਹ ਵਿਚ ਠੰਡ ਵੀ ਰੁਕਾਵਟ ਨਾ ਬਣ ਸਕੀ ਸਗੋਂ ਮੌਸਮ ਸੁਹਾਵਣਾ ਬਣਿਆ ਰਿਹਾ। ਸਿੰਘ ਸਾਹਿਬਾਨ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੱਥੇਦਾਰ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਭਾਈ ਭਗਵਾਨ ਸਿੰਘ ਸਾਬਕਾ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਆਪਣੀ ਹਾਜ਼ਰੀ ਲੁਆਈ।

ਭਾਈ ਰਾਜਬਿੰਦਰ ਸਿੰਘ ਬਠਿੰਡੇ ਵਾਲਿਆਂ ਨੇ ਰਾਗ ਬਿਲਾਵਲ ਦੱਖਣੀ, ਤੁਖਾਰੀ, ਗਉੜੀ, ਆਸਾ ਅਤੇ ਪ੍ਰਭਾਤੀ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਹਾਜਰੀ ਲੁਆਈ। ਸੁਰੀਲੇ ਗਲੇ ਨਾਲ ਰਾਗ ਦੀਆਂ ਸੁਰਾਂ ਤੇ ਸਵਾਰ ਕਰਕੇ ਜਦ ਧੁਰ ਕੀ ਬਾਣੀ ਦਾ ਕੀਰਤਨ ਕਰਦੇ ਤਾਂ ਸੰਗਤਾਂ ਅਨੰਦ ਨੂੰ ਪ੍ਰਾਪਤ ਹੁੰਦੀਆਂ। ਭਾਈ ਸ਼ਮਿੰਦਰ ਸਿੰਘ ਜਲੰਧਰ ਵਾਲੇ ਜੋ ਬਹੁਤ ਵਧੀਆ ਸਾਰੰਗੀ ਵਾਦਕ ਹੋਣ ਦੇ ਨਾਲ ਨਾਲ ਗਾਇਕ ਵੀ ਹਨ। ਰਾਗ ਸਾਰੰਗ ਵਿਚ, 'ਗੋਬਿੰਦ ਚਰਨਨ ਕੋ ਬਲਿਹਾਰੀ' ਸ਼ਬਦ ਤਾਲ ਰੂਪਕ ਵਿਚ ਅਤੇ ਸੂਹੀ ਲਲਿਤ ਕਬੀਰ ਜੀ "ਹਰਿ ਕੇ ਲੋਗਾ ਮੋਕਉ ਨੀਤ ਡਸੇ ਪਟਵਾਰੀ" ਦਾ ਗਾਇਨ ਕੀਤਾ। ਖੁਦ ਸਰੰਗੀ ਵਜਾ ਕੇ ਬਿਨਾ ਹਰਮੋਨੀਅਮ ਤੋਂ ਤੰਤੀ ਸਾਜ਼ਾਂ ਰਾਹੀਂ ਗੁਰਬਾਣੀ ਦਾ ਗਾਇਨ ਕੀਤਾ।

ਭਾਈ ਇਕਬਾਲ ਸਿੰਘ ਨੇ ਰਾਗ ਤਿਲੰਗ ਵਿਚ 'ਆਏ ਮਿਲ ਗੁਰਸਿੱਖ ਆਏ ਮਿਲ' ਗਾ ਕੇ ਹਾਜ਼ਰੀ ਲੁਆਈ। ਦੋਨੋਂ ਦਿਨ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਸਤਵਿੰਦਰ ਸਿੰਘ ਹਰਵਿੰਦਰ ਸਿੰਘ ਦਿੱਲੀ ਵਾਲਿਆਂ ਨੇ ਕੀਤਾ। ਗਿ. ਪਿੰਦਰਪਾਲ ਸਿੰਘ ਦੁਆਰਾ ਕੀਤੀ ਗੁਰ ਸ਼ਬਦ ਦੀ ਕਥਾ ਵਿਚ ਅਤੇ ਕੀਰਤਨ ਦੌਰਾਨ ਸੋਹਲੇ ਵਿਚੋਂ 'ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ' ਦੀ ਕਥਾ ਸੁਰਤ ਦਾ ਸ਼ਬਦ ਨਾਲ ਮੇਲ ਕਰਾਉਣ ਵਾਲੀ ਸੀ। ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਨੇ ਰਾਗ ਸਾਰੰਗ ਵਿਚ "ਠਾਕੁਰ ਤੁਮ ਸਰਨਾਈ ਆਇਆ" ਝਪਤਾਲ ਵਿਚ। ਰਾਗ ਵਡਹੰਸ ਵਿਚ ਰੂਪਕ ਤਾਲ ਦੀ ਬੰਦਸ਼ "ਸਾਹਿਬ ਸਿਮਰੋ ਮੇਰੇ ਭਾਈਓ" ਰਾਗ ਕਾਨੜਾ ਵਿਚ "ਸਾਜਨਾ ਸੰਤ ਆਓ ਮੇਰੈ ਅਤੇ ਮੇਰੇ ਪ੍ਰੀਤਮਾ ਮੈ ਜੀਵਾਂ ਨਾਮ ਧਿਆਏ" ਧੁਰਪਦ ਸ਼ੈਲੀ ਵਿਚ ਚਾਰ ਤਾਲ ਵਿਚ ਗਾਇਆ। ਭਾਈ ਰਘਵੀਰ ਸਿੰਘ ਦੀ ਤਬਲੇ ਤੇ ਸੰਗਤ ਪ੍ਰਭਾਵਸ਼ਾਲੀ ਰਹੀ। ਭਾਈ ਧਮਿੰਦਰ ਸਿੰਘ ਸਾਰੰਗੀ। ਵਿਸਿਸਟ ਜੀ ਵਾਇਲਨ ਕੁਲਬੀਰ ਸਿੰਘ ਰਬਾਬ ਦੀ ਸੰਗਤ ਕਰਦੇ ਰਹੇ। "ਗੁਰਮੁਖ ਬੁਢੇ ਕਦੇ ਨਾਹੀ" ਭਾਈ ਸਾਹਿਬ ਤੇ ਪੂਰਾ ਢੁਕਦਾ ਹੈ। ਪ੍ਰੋ. ਰਵੇਲ ਸਿੰਘ ਅੰਮ੍ਰਿਤਸਰ ਨੇ ਰਾਗ ਦੇਵ ਗੰਧਾਰ ਵਿਚ "ਪ੍ਰਭ ਕੀ ਲੋਚ ਮਿਟਿਆ ਅੰਧਿਆਰ" ਪ੍ਰਭਾਤੀ ਵਿਭਾਸ ਵਿਚ 'ਹਰਿ ਹਰਿ ਬਿਨਤੀ ਕਰੀਐ' ਗਾ ਕੇ ਆਪਣੀ ਹਾਜਰੀ ਲੁਆਈ। ਬੀਬੀ ਨਿਵੇਦਤਾ ਕੌਰ ਨੇ ਤੋੜੀ ਅਤੇ ਅਸਾਵਰੀ ਵਿਚ

"ਮਾਈ ਮੇਰੋ ਪ੍ਰੀਤਮ ਰਾਮ ਬਤਾਵਓ ਰੀ ਮਾਈ।" ਗਾਇਆ। ਤਬਲਾ ਸੰਗਤ ਭਾਰੂ ਰਹੀ ਇਸ ਕਰਕੇ ਖੁਲਕੇ ਨਾ ਗਾ ਸਕੀ। ਪ੍ਰੋ. ਅਲੰਕਾਰ ਸਿੰਘ ਜਲੰਧਰ ਵਾਲਿਆਂ ਨੇ ਦੇਵ ਗੰਧਾਰੀ ਵਿਚ ਪੜਤਾਲ, ਸਾਰੰਗ ਗਾ ਕੇ ਆਪਣੀ ਹਾਜਰੀ ਲੁਆਈ ਸੁਰੀਲਾ ਪਣ ਬਹੁਤ ਜ਼ਿਆਦਾ ਹੈ। ਭਾਈ ਕੁਲਜੀਤ ਸਿੰਘ ਬਟਾਲੇ ਵਾਲਿਆਂ ਰਬਾਬ ਨਾਲ ਕੀਰਤਨ ਕਰਨ ਦੀ ਪਰੰਪਰਾ ਨੂੰ ਸਾਂਭ ਕੇ ਰੱਖਿਆ ਜਿਥੇ ਸਾਰੇ ਸਮਾਗਮ ਵਿਚ ਬਾਕੀ ਰਾਗੀਆਂ ਨਾਲ ਰਬਾਬ ਦੀ ਸੰਗਤ ਕੀਤੀ ਉਥੇ ਖੁਦ ਰਬਾਬ ਵਜਾ ਕੇ ਰਾਗ ਸੂਹੀ ਕਾਫੀ, ਅਸਾਵਰੀ ਸੁੰਗਧ ਅਤੇ ਭੈਰਵ ਵਿਚ 'ਰਾਖਾ ਏਕ ਹਮਾਰਾ ਸੁਆਮੀ' ਬੰਦਸ਼ ਗਾ ਕੇ ਹਾਜਰੀ ਲੁਆਈ। ਪ੍ਰੋ. ਪਰਮਜੋਤ ਸਿੰਘ ਮੁਲਾਂਪੁਰ ਵਾਲਿਆਂ ਰਾਗ ਦੇਵ ਗੰਧਾਰੀ ਅਤੇ ਪ੍ਰਭਾਤੀ ਵਿਚ ਸ਼ਬਦ ਗਾ ਕੇ ਹਾਜਰੀ ਲੁਆਈ ਤਬਲੇ ਦੀ ਸੰਗਤ ਬਜੁਰਗ ਤਬਲਾ ਵਾਦਕ ਭਾਈ ਹਰਨਾਮ ਸਿੰਘ ਜੀ ਨੇ ਕੀਤੀ। ਭਾਈ ਸਾਹਿਬ ਨੇ 30 ਸਾਲ ਭਾਈ ਸਮੁੰਦ ਸਿੰਘ ਨਾਲ ਤਬਲਾ ਵਜਾਇਆ। ਸੁਣਕੇ ਹੈਰਾਨਗੀ ਹੋਈ ਅੱਜ ਵੀ ਹੱਥ ਦੀ ਤਿਆਰੀ ਉਸੇ ਤਰ੍ਹਾਂ ਬਰਕਰਾਰ ਹੈ। ਬੀਬੀ ਹਰਮੀਤ ਕੌਰ ਦਿੱਲੀ ਨੇ ਕੇਦਾਰ ਅਤੇ ਕਲਿਆਣ ਵਿਚ "ਬੀਤ ਜੈ ਹੈ ਬੀਤ ਜੈ ਹੈ ਜਨਮ ਅਨਾਜ ਰੇ" ਅਤੇ ਮਾਈ ਸੰਤ ਸੰਗ ਜਾਗੀ" ਗਾਇਆ। ਬੀਬੀ ਆਸ਼ੂਪ੍ਰੀਤ ਨੇ ਕੇਦਾਰਾ ਅਤੇ ਗਉੜੀ ਦੀਪਕੀ ਵਿਚ "ਤੁਮ ਗਾਵਹੁ ਮੇਰੇ ਨਿਰਭਉ" ਕਾ ਸੋਹਿਲਾ ਗਾਇਆ। ਜਵੱਦੀ ਟਕਸਾਲ ਦੇ ਵਿਦਿਆਰਥੀਆਂ ਆਰਤੀ ਅਤੇ ਧਨਾਸਰੀ ਰਾਗ ਵਿਚ ਟਕਸਾਲ ਦੀਆਂ ਬੀਬੀਆਂ ਨੇ ਸ਼ਬਦ ਗਾ ਕੇ ਹਾਜਰੀ ਲੁਆਈ। ਟਕਸਾਲ ਵਿਚ ਪ੍ਰੋ. ਉਸਤਾਦ ਕੁਲਵਿੰਦਰ ਸਿੰਘ ਜੋ ਪੰਜਾਬ ਘਰਾਣੇ ਦੇ ਉਸਤਾਦ ਅੱਲਾ ਰੱਖਾ ਸਾਹਿਬ ਦੇ ਸ਼ਗਿਰਦ ਹਨ ਬੱਚਿਆਂ ਨੂੰ ਵਿਧੀਵਤ ਤਬਲਾ ਸਿਖਾ ਰਹੇ ਹਨ। ਉਨ੍ਹਾਂ ਦੇ ਵਿਦਿਆਰਥੀਆਂ ਨੇ ਜੂਨੀਅਰ ਵਿਚ ਪੰਜ ਅਤੇ ਸੀਨੀਅਰ ਵਿਚ ਛੇ ਵਿਦਿਆਰਥੀਆਂ ਨੇ ਇਕੱਠੇ ਤਬਲਾ ਸੋਲੋ ਤੀਨਤਾਲ ਪੇਸ਼ ਕੀਤਾ। ਜੋ ਕਿ ਬਹੁਤ ਵਧੀਆ ਰਿਹਾ। ਇਨਾਂ ਬੱਚਿਆਂ ਨੂੰ ਸੁਣ ਕੇ ਆਸ ਬਝੀ ਕਿ ਭਵਿੱਖ ਵਿਚ ਚੰਗੇ ਤਬਲਾ ਵਾਦਕਾਂ ਦੀ ਘਾਟ ਨਹੀਂ ਰਹੇਗੀ। ਉਸਤਾਦ ਕੁਲਵਿੰਦਰ ਸਿੰਘ ਪੂਰੀ ਕਰ ਦੇਣਗੇ। ਇਨਾਂ ਦੀ ਮਿਹਨਤ ਅਤੇ ਲਗਨ ਨੂੰ ਮੁਖ ਰੱਖਦਿਆਂ ਹੋਇਆ ਜਵੱਦੀ ਟਕਸਾਲ ਵੱਲੋਂ ਸੰਗੀਤ ਅਵਾਰਡ ਦੇ ਕੇ ਸਨਮਾਨਿਆ ਗਿਆ।

ਢਾਡੀ ਦਰਬਾਰ ਵਿਚ ਗਿ. ਬਲਦੇਵ ਸਿੰਘ ਗਿਆਨੀ ਤਰਲੋਚਨ ਸਿੰਘ ਭਮੱਦੀ ਅਤੇ ਗਿ. ਸੋਹਣ ਸਿੰਘ ਨੇ ਢਾਡੀ ਕਲਾ ਦੇ ਜੌਹਰ ਵਿਖਾਏ। ਕਿਸੇ ਨੇ ਵੀ ਕੋਈ ਧੁਨੀ ਗਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਕਵੀ ਦਰਬਾਰ ਵਿਚ ਨਿਰਮਲ ਸਿੰਘ ਧਾਰੀਵਾਲ, ਕਰਮਜੀਤ ਸਿੰਘ ਨੂਰ, ਸ. ਚਰਨ ਸਿੰਘ ਸਫਰੀ ਅਤੇ ਚਮਨ ਸਿੰਘ ਚਮਨ ਹਰਗੋਬਿੰਦਪੁਰੀ ਹਾਸਰਾਸ ਕਵੀ ਜਿਨਾਂ ਹਸਾ ਹਸਾ ਕੇ ਰੁਆਇਆ। ਬਜੁਰਗ ਕਵੀ ਚਰਨ ਸਿੰਘ ਸਫਰੀ ਦੀ ਕਲਮ ਨੇ ਬਹੁਤ ਸਾਰਾ ਸਿੱਖ ਇਤਿਹਾਸ ਗੀਤਾਂ ਵਿਚ ਲਿਖਿਆ।

ਇਸ ਸਾਰੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਹੈਡ ਗ੍ਰੰਥੀ ਗਿ. ਅਮੀਰ ਸਿੰਘ ਅਤੇ ਗਿ. ਕੁਲਵੰਤ ਸਿੰਘ ਨੇ ਬਖੂਬੀ ਨਿਭਾਈ। ਸਰਦੀ ਪੂਰੇ ਜੋਬਨ ਤੇ ਹੋਣ ਦੇ ਬਾਵਜੂਦ ਸੰਗਤਾਂ ਦੀ ਹਾਜਰੀ ਵਿਚ ਕਮੀ ਨਹੀ ਆਈ। ਪ੍ਰਬੰਧਕਾਂ ਵੱਲੋਂ ਲਗਾਤਾਰ ਚਾਹ ਦੁੱਧ ਅਤੇ ਗੁਰੂ ਕੇ ਲੰਗਰ ਨਿਰੰਤਰ ਜਾਰੀ ਰਹੇ। ਲੰਗਰ ਵਿਚ ਰਸ ਅੰਮ੍ਰਿਤ ਖੀਰ ਖਿਆਲੀ ਵਰਤਦੀ ਰਹੀ ਜਿਸਨੂੰ ਛਕ ਕੇ ਸਰਦੀ ਦੂਰ ਹੀ ਰਹੀ। ਭਾਈ ਸੁਖਵੰਤ ਸਿੰਘ ਜੀ ਕੁਲਵੰਤ ਸਿੰਘ ਜੀ ਨੇ ਬਾਬਾ ਕਰਨੈਲ ਸਿੰਘ ਜੀ ਦੀ ਗੈਰ ਹਾਜਰੀ ਮਹਿਸੂਸ ਨਹੀ ਹੋਣ ਦਿੱਤੀ ਕਿਉਂਕਿ ਬਾਬਾ ਜੀ ਦੀ ਅਚਾਨਕ ਸਿਹਤ ਖਰਾਬ ਹੋਣ ਕਰਕੇ ਜੇਰੇ ਇਲਾਜ ਹਸਪਤਾਲ ਦਾਖਲ ਕਰਾਉਣਾ ਪਿਆ। ਜਿੱਥੇ ਸੰਗਤਾਂ ਨੇ ਦੂਰੋਂ ਨੇੜਿਓ ਆ ਕੇ ਹਾਜਰੀ ਭਰੀ ਉਥੇ ਕੈਨੇਡਾ ਤੋਂ ਸ. ਦੀਦਾਰ ਸਿੰਘ ਚਾਨਾ ਸਿਧੇ ਜਵੱਦੀ ਪਹੁੰਚੇ ਸਾਰਾ ਸਮਾਗਮ ਆਪਣੇ ਕੈਮਰੇ ਵਿਚ ਬੰਦ ਕਰਕੇ ਕੈਨੇਡਾ ਦੀਆਂ ਸੰਗਤਾਂ ਲਈ ਲੈ ਜਾਣਗੇ। ਬਜੁਰਗ ਅਵਸਥਾ ਵਿਚ ਵੀ ਕੀਰਤਨ ਰਾਗ ਦੇ ਰਸੀਏ ਵਧੀਆ ਵਾਈਲਨ ਵਾਦਕ ਜਿਨ੍ਹਾਂ ਨੇ ਕਿਹਾ ਇਹ ਸਮਾਗਮ ਸਿੱਖਾਂ ਦਾ ਹਰਿਬਲਭ ਸੰਗੀਤ ਸੰਮੇਲਨ ਦਾ ਦਰਜਾ ਪ੍ਰਾਪਤ ਕਰ ਸਕਦਾ ਹੈ। ਕੁਲ ਮਿਲਾ ਕਿ ਸਾਰਾ ਸਮਾਗਮ ਸਫਲ ਰਿਹਾ। ਅਗਲੇ ਸਾਲ ਫਿਰ ਆਉਣ ਦੀਆਂ ਆਸਾਂ ਲੈ ਕੇ ਸਰਦੀ ਅਤੇ ਧੁੰਦ ਤੋਂ ਬੇਖਬਰ ਸੰਗਤਾਂ ਦੀ ਹਾਜਰੀ ਭਰਪੂਰ ਰਹੀ। ਗੁਰਮਤਿ ਸੰਗੀਤ ਵਿਦਿਆਲਾ ਸੰਗਰੂਰ ਵੱਲੋਂ ਪ੍ਰਬੰਧਕਾਂ ਨੂੰ ਬਹੁਤ ਵਧਾਈ।

# Amrit Vela Sach Nao Vadiai Vichar

**Bhagwant Singh Dalawari,** Tapovan, Amravati 4446062 (Maharashtra)

The most fascinating and the most important, besides being most beneficial discipline of Sikh way of life is *Amritvela* about which Guru Nanak and other Gurus and Bhaktas in Guru Granth Sahib speak repeatedly. In addition to being a reservoir of truthful projection of God's majesty and His love, Guru Nanak provides a demonstrable projection of *Amritvela* by saying in *Japji Sahib*:

***Sacha sabib sachnaon***
***bhakhia bhu apar***
***Akhan mangan deh deh***
***daat kare datar***
***Pher ke aage rekhiye***
***jit disse darbar***
***Muhon ke bolan boliye***
***jit sun dhare piar***
***Amritvela sachnao vadiai vichar.***

(Japji Sahib)

(The Lord God is Truth and the Master's Name is also Truth-*Naam* - and the language which is useful in establishing contact with Him is the language of Love, unlimited Love. We go on asking, begging, demanding and He goes on bestowing on us all kinds of gifts. Then what is our duty? What shall we place before Him so that we can have a peep into His *Darbar* and what should we speak so that He begins to love us. Guru Nanak's answer: At early in the morning - around 3 hours before dawn - we should rise to meditate on His *Naam* and ponder over His majesty.)

Guru has graced me with this gift for over 33 years and I find everyday newer and newer experiences. I know nothing about *Dasam Dwar* or *Surat-Shabad*, but the ecstasy i experience in listening to the *Shabads* from Harmandir Sahib on TV or Radio, when TV is not available, is inexplicable. Indeed I take every word of the Shabad, meditate on its content and projection, look into myself about my inadequacies with shame and if I meet the commands of my Guru, express my gratitude, and then try to understand and commit myself to living the word of the Guru. Of course I seek the grace to live Guru's commands because I feel that alone is the way when we can know and demonstrate that our Shabad Guru is not only effective but also most gracious. I believe and experience the truth of the verse given below:

***Darshan pekhat mein jio***
***Sun kar bachan tumhare***
***Satguru man tan mera thaar thio***

(M-5, p.382-83, GGS)

(We cannot have the *Darshan* of the Lord with our worldly eyes, the eyes that can have *Darshan* are provided by the *Shabad* of the Guru. And our Guru says:

I have your Darshan so that I can breathe; in fact on listening to your words my mind and body feel the freshness and serenity.)

This morning *Sahib mera nit nawan* was effectively proved when the *Raagis* sang the following hymn of Guru Arjan (M-5, p.757, GGS):

***Sun sajjan preetam meria***
***Mein satguru deyo dikhaal***

We have so many times been told in *Guru Granth Sahib* and through spiritual talks that Guru is the *Vichola* for taking us to the Lord. It is also true that we are repeatedly told that there is no difference between Guru and God; ***Gur parmesar eko jaan*** and ***Parbraham gur nahin bhed***. But the spiritual escalation came through this appeal to the Lord Himself to let us have the true *Satguru*. And the delightful aspect of *Amrit* flowing into the heart through *Amritvela vadiai* was that the Guru addresses the Lord as friend, as also lover and beloved and begs Him to let him see the *Satguru*. And then declare that he would surrender to the *Satguru* his own mind and keep him in remembrance in the heart all the time. I visualise that if I really have to know my Guru - and my Guru is the perpetual Guru Granth Sahib, I too have to surrender my heart and soul to him and keep every word of his in my heart to be obeyed and lived. Do I do that? I do not know but what is absolutely true is that anyone who lives the word of the Guru can have the assurance of God's grace:

***Sevak sikh poojan sabh aweh***
***sabh gaaveh har har uttam bani***
***Gavia suniya tinka har thaye***
***pave jin satgur ki agya***
***sat sat kar maani***

Guru Ram Das, P. 669, GGS

(All the sikhs and the followers sing the words of gurbani; but the lord rewards them with grace by acceptance of their devotion only if they regard the Guru's commands as truth and live them in life)

Another declaration:

***Satgur ki baani***
***sat sat kar jano gursikho***
***Har karta aap muhon kadhye.***

- Guru Ram Dass, P. 308, GGS

(Know that the Bani of Satguru has to be taken as absolute truth by all Gursikhs, because the Lord Himself has made the Guru speak.)

As I pondered in the fashion of *Vadiai Vichar*, I seemed to with if only we Sikhs had taken Guru Granth Sahib as our Guru in the manner in which Guru Arjan himself is begging the Lord to introduce the kind of Satguru to whom he would surrender his all. We would not be parading the certificates of toynbee or Pearl Buck but living as examples of perfect human beings as the Gurus envisaged.

What is required is that we must be committed just as the Guru himself says:

***Ikas satguru bahira***
***dhrig jeevan sansar***

- M.S., GGS P. 757

(Living without the Satguru in life is a life to be condemned)

I feel ashamed even to bring this line to my notice because I not only do not obey the commands of the Master but deliberately live in defiance of them. I live the life of a Pashu, because lok Pachara (pleasing the people) is more important to me, even if the Guru says:

***Kartut pashu ki manas jaat***
***lok pachara kare din raat***

- M.5, Sukhmani Sahib

(Although he is a human being but his actions are that of an animal because he is engaged in pleasing the worldly people day in and day out.)

But look at the Guru's grace which entitles me to feel His presence. The Guru says:

***Jan nanak satgur tina milayon***
***jin sad hee varte naal.***

- M.5., P. 757, GGS

(Says Nanak: The lord introduces the Satguru only to those people with whom He deals all the time and lives His presence in them.)

The other day someone sent me a wonderful article on *Amritvela* and defined the scientific proofs to prove that Guru Nanak's commands were really useful. I was glad and responded in total agreement. But I added that if we have the personal experience of the ecstasy of *Amritvela* and also the personal character as envisaged in the commands of the Guru, the whole world would be charted and we, the Sikhs, would become the ideal human beings.

Doesn't the Guru beckon us to live *Amritvela* & Obey Him?

## ਸੁਰ ਲਿਪੀਆਂ

ਗਿਆਨ ਸਿੰਘ ਐਬਟਾਬਾਦ

**ਰਾਗ ਵਡਹੰਸ**

**ਆਰੋਹ** : ਸ ਰੇ ਮ ਪ ਧ ਨੁ ਪ ਨ ਸਂ। **ਅਵਰੋਹ** : ਸਂ ਨ ਪ ਧ ਮ, ਗ ਰ ਸ ਨ਼ ਸ

**ਥਾਟ** : ਖਮਾਜ **ਜਾਤੀ** : ਸ਼ਾਡਵ ਸੰਪੂਰਨ। **ਸਮਾਂ** : ਦਿਨ ਦਾ ਦੂਜਾ ਪਹਿਰ।

**ਵਾਦੀ** : ਰੇ **ਸੰਵਾਦੀ** : ਪਾ **ਪਕੜ** : ਸ ਰੇ ਮ ਪ ਨੁ ਪ, ਧ ਪਮ, ਗ ਰੇ ਸ ਨ਼, ਪ਼ ਨ਼ ਸ।

**ਰਾਗ ਵਡਹੰਸੁ, ਦਾਦਰਾ, ਮਧਯ ਲਯ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| *ਸਥਾਈ* | | | | | | | | | | | |
| ਨ਼ | ਨ਼ | ਨ਼ | ਨ਼ਸ | ਸ | -ਸ | ਨ਼ਸ | ਨ਼ਸ | ਰਸ | ਨ਼ | ਧ਼ | ਮ਼ਪ਼ |
| *ਮਿਲਿ* | *ਜ* | *ਲੁ* | *ਜऽ* | *ਲਹਿ* | *ऽਖ* | *ਟਾऽ* | *ऽऽ* | *ਨਾऽ* | *ਰਾ* | *ऽ* | *ऽਮ* |
| | | | | | | | | | | | ਸੰਗ |
| | | | | | | | | | ਸ | | |
| ਪ | - | ਪਧ | ਪਮ | ਮ | ਮਪ | ਗ | ਰਸ | ਸਰ | ਰਗ | - | -ਗ |
| *ਜੋ* | *ऽ* | *ਤੀऽ* | *ਜੋऽ* | *ਤ* | *ਮਿऽ* | *ਲਾ* | *ऽऽ* | *ਨਾऽ* | *ਗਾऽ* | *ऽ* | *ऽਮ* |
| *ਅੰਤਰਾ* | | | | | | | | | | | |
| ਸ | - | ਸ | ਰ | ਮ | ਮ | ਪ | ਧ | ਨੁ | ਧ | ਪ | - |
| *ਸੰਮਾ* | *ऽ* | *ਇ* | *ਪੂ* | *ਰ* | *ਨ* | *ਪੁ* | *ਰ* | *ਖ* | *ਕਰ* | *ਤੇ* | *ऽ* |
| | | | | | | | | | ਸ | | |
| ਪ | - | ਪਧ | ਪਮ | ਮ | ਮਪ | ਗ | ਰਸ | ਸਰ | ਰਗ | - | - |
| *ਆ* | *ऽ* | *ਪਿऽ* | *ਆऽ* | *ਪਹਿ* | *ऽऽ* | *ਜਾ* | *ऽऽ* | *ਣੀऽ* | *ਐऽ* | *ऽ* | *ऽ* |
| x | | | 0 | | | x | | | 0 | | |

**ਰਾਗ ਵਡਹੰਸੁ, ਤਾਲ ਚੰਚਲ, ਮਧਯ ਲਯ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| *ਅਸਥਾਈ* | | | ਸ | ਰ | ਮ | ਮ | ਮ | ਪ | - | - | - | - | - |
| | | | *ਸੇ* | *ऽ* | *ਵ* | *ਕ* | *ਕੀ* | *ऽ* | *ऽ* | *ऽ* | *ऽ* | *ऽ* | *ऽ* |
| - | - | ਪ | ਪ | - | ਪ | ਮ | ਮਪ | ਧ | ਪ | ਮ | - | - | - |
| *ऽ* | *ऽ* | *ਅਰ* | *ਦਾ* | *ऽ* | *ਸ* | *ਪਿ* | *ਆ* | *ऽ* | *ऽ* | *ਰੇ* | *ऽ* | *ऽ* | *ऽ* |

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਰ | – | ਰ | ਗ | ਰ | ਪ | ਮ | – | – | ਗ | ਰ | ਗ | – |
| ऽ | ऽ | ऽ | ਜ | ਪਿ | ਜੀ | ऽ | ਵਾ | ऽ | ऽ | ਪ੍ਰ | ऽ | ਭ | ऽ |
| ਰ | ਸ | – | ਰ | ਗ | ਰ | ਪ | ਮ | – | – | ਗ | ਰ | ਗ | – |
| ऽ | ऽ | ऽ | ਚ | ਰ | ਨ | ਤੁ | ਮਾ | ऽ | ऽ | ਰੇ | ऽ | ऽ | ऽ |
| ਰ | ਸ | – | | | | | | | | | | | |
| ऽ | ऽ | ऽ | | | | | | | | | | | |
| x | | | 2 | | | | 0 | | | 3 | | | |
| ਅੰਤਰਾ | | | ਸ | – | ਸ | ਨ਼ | ਸ | ਰ | – | ਸ | ਨ਼ | – | – |
| | | | ਤੂ | ऽ | ਬੇ | ऽ | ਅੰ | ਤੁ | ऽ | ਕੋ | ऽ | ऽ | ऽ |
| - | ਪ਼ | - | ਪ | ਨ਼ | ਨ਼ | - | ਨ਼ | ਸ | ਨ਼ | ਸ | ਰ | - | - |
| ऽ | ऽ | ऽ | ਵਿ | ਰ | ਲਾ | ऽ | ਜਾ | ऽ | ऽ | ਣੈ | ऽ | ऽ | ऽ |
| – | ਸ | – | ਮ | ਮ | ਮ | ਮ | ਮਪ | ਧ | ਪ | ਸ | ਰ | – | – |
| ऽ | ऽ | ऽ | ਗੁ | ਰ | ਪ | ਰ | ਸਾऽ | ऽ | ऽ | ਦਿ | ऽ | ऽ | ऽ |
| ਰ | – | ਰ | ਰ | ਗ | ਰ | ਸ | ਨ | ਸ | ਨ | ਸ | ਰ | – | – |
| ऽ | ऽ | ਕੋ | ਸ | ਬ | ਦਿ | ਪ | ਛਾ | ऽ | ऽ | ਣੈ | ऽ | ऽ | ऽ |
| ਰ | ਸ | – | | | | | | | | | | | |
| ऽ | ऽ | ऽ | | | | | | | | | | | |
| x | | | 2 | | | | 0 | | | 3 | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਛੰਤੁ ॥ | Chhant. | ਛੰਤੁ ॥ |
|---|---|---|
| ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥ | As water mixing with water, blends therewith, so merges the saints light with the supreme light. | ਜਿਸ ਤਰ੍ਹਾਂ ਪਾਣੀ, ਪਾਣੀ ਨਾਲ ਮਿਲ ਉਸ ਨਾਲ ਅਭੇਦ ਹੋ ਜਾਂਦਾ ਹੈ, ਉਸੇ ਤਰ੍ਹਾਂ ਸੰਤ ਦਾ ਨੂਰ ਪਰਮ-ਨੂਰ ਨਾਲ ਇਕ ਰੂਪ ਹੋ ਜਾਂਦਾ ਹੈ। |
| ਸੰਮਾਇ ਪੂਰਨ ਪੁਰਖੁ ਕਰਤੇ ਆਪਿ ਆਪਹਿ ਜਾਣੀਐ ॥ | Merging in the pervading and powerful Creator, the mortal realises his own real self. | ਵਿਆਪਕ ਤੇ ਬਲਵਾਨ ਸਿਰਜਣਹਾਰ ਵਿਚ ਲੀਨ ਹੋ, ਪ੍ਰਾਣੀ ਆਪਣੇ ਨਿਜ ਦੇ ਅਸਲੇ ਨੂੰ ਅਨੁਭਵ ਕਰ ਲੈਂਦਾ ਹੈ। |
| ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥ | Then, he assumes trance into the Absolute Lord and utters the Name of the One Lord alone. | ਤਦ ਉਸ ਦੀ ਨਿਰਗੁਣ ਪ੍ਰਭੂ ਅੰਦਰ ਤਾੜੀ ਲਗ ਜਾਂਦੀ ਹੈ ਤੇ ਉਹ ਕੇਵਲ ਇਕ ਪ੍ਰਭੂ ਦੇ ਨਾਮ ਦਾ ਹੀ ਉਚਾਰਨ ਕਰਦਾ ਹੈ। |
| ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥ | Himself the Lord is unmanifest and Himself detached. Himself He utters His own praise. | ਖੁਦ ਸੁਆਮੀ ਅਲੋਪ ਹੈ ਅਤੇ ਖੁਦ ਹੀ ਨਿਰਲੇਪ ਖੁਦ ਹੀ ਉਹ ਆਪਣੇ ਆਪ ਦਾ ਜੱਸ ਉਚਾਰਨ ਕਰਦਾ ਹੈ। |
| ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥ | Doubt, dread and the three moods of the Guru-ward are destroyed. Like water mingling with water, he blends with the Lord. | ਗੁਰਮੁਖ ਦਾ ਸੰਦੇਹ, ਡਰ ਅਤੇ ਤਿੰਨੇ ਸੁਭਾਵ ਨਾਸ ਹੋ ਜਾਂਦੇ ਹਨ। ਪਾਣੀ ਦੇ ਪਾਣੀ ਨਾਲ ਮਿਲਣ ਦੀ ਮਾਨੰਦ ਉਹ ਸਾਈਂ ਨਾਲ ਅਭੇਦ ਹੋ ਜਾਂਦਾ ਹੈ। |

| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ |
|---|---|---|
| ਤੂ ਬੇਅੰਤੁ ਕੋ ਵਿਰਲਾ ਜਾਣੈ ॥ | Thou art infinite, only a few know Thee. | ਤੂੰ ਅਨੰਤ ਹੈਂ, ਬਹੁਤ ਹੀ ਥੋੜੇ ਤੈਨੂੰ ਜਾਣਦੇ ਹਨ। |
| ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥ | By Guru's grace, hardly any one recognises the Lord. | ਗੁਰਾਂ ਦੀ ਦਇਆ ਦੁਆਰਾ, ਕੋਈ ਟਾਂਵਾਂ-ਟੱਲਾ ਹੀ ਸਾਹਿਬ ਨੂੰ ਸਿੰਵਾਣਦਾ ਹੈ। |
| ਸੇਵਕ ਕੀ ਅਰਦਾਸਿ ਪਿਆਰੇ ॥ | My Beloved, Thy serf makes a supplication. | ਮੇਰੇ ਪ੍ਰੀਤਮ! ਤੇਰਾ ਨੌਕਰ ਇਕ ਬੇਨਤੀ ਕਰਦਾ ਹੈ। |
| ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ | My Lord, I live by contemplating over Thine feet. | ਹੇ ਸੁਆਮੀ! ਮੈਂ ਤੇਰੇ ਪੈਰਾਂ ਦਾ ਆਰਾਧਨ ਕਰਨ ਦੁਆਰਾ ਜੀਉਂਦਾ ਹਾਂ। |
| ਰਹਾਉ ॥ | Pause. | ਠਹਿਰਾਉ। |
| ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥ | O my kind, powerful and beneficent Lord, He alone realises Thee, whom Thou makest realise. | ਹੇ ਮੈਂਡੇ ਮਿਹਰਬਾਨ ਬਲਵਾਨ ਅਤੇ ਦਾਤਾਰ ਸੁਆਮੀ! ਕੇਵਲ ਉਹੀ ਤੈਨੂੰ ਜਾਣਦਾ ਹੈ ਜਿਸ ਨੂੰ ਤੂੰ ਜਾਣਦਾ ਹੈ। |
| ਸਦਾ ਸਦਾ ਜਾਈ ਬਲਿਹਾਰੀ ॥ | Ever, ever, I am a secrifice unto Thee. | ਹਮੇਸ਼ਾ! ਹਮੇਸ਼ਾ! ਮੈਂ ਤੇਰੇ ਉਤੋਂ ਕੁਰਬਾਨ ਹਾਂ। |
| ਇਤ ਉਤ ਦੇਖਉ ਓਟ ਤੁਮਾਰੀ ॥੩॥ | Here and hereafter, I look up to Thy protection. | ਏਥੇ ਤੇ ਉਥੇ ਮੈਂ ਤੇਰੀ ਪਨਾਹ ਤਕਾਉਂਦਾ ਹਾਂ। |
| ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥ | I am meritess. I know no merit of Thine, O Lord. | ਮੈਂ ਨੇਕੀ-ਵਿਹੂਣ ਹਾਂ, ਮੈਂ ਤੇਰੀ ਕਿਸੇ ਭੀ ਨੇਕੀ ਨੂੰ ਨਹੀਂ ਜਾਣਦਾ। |
| ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥ | Seeing Thy saint, my soul is imbued with Thee, O Nanak. | ਤੇਰੇ ਸੰਤ ਨੂੰ ਵੇਖ ਕੇ ਮੇਰੀ ਆਤਮਾ ਤੇਰੇ ਨਾਲ ਰੰਗੀ ਗਈ ਹੈ, ਹੇ ਨਾਨਕ! |